# ਬੱਚਿਆਂ ਦੀਆਂ ਸੇਵਾਵਾਂ ਬਾਰੇ ਪਰਿਵਾਰ ਲਈ ਗਾਈਡ

Alta California Regional Center (ACRC) ਦੀਆਂ ਬੱਚਿਆਂ ਦੀਆਂ ਸੇਵਾਵਾਂ ਵਿਚ ਤੁਹਾਡਾ ਸੁਆਗਤ ਹੈ। ACRC ਨੂੰ ਤੁਹਾਡੇ ਪਰਿਵਾਰ ਦੀ ਸੇਵਾ ਕਰਕੇ ਖੁਸ਼ੀ ਮਹਿਸੂਸ ਹੋ ਰਹੀ ਹੈ। ਰਲ ਕੇ ਕੀਤੇ ਜਾਣ ਵਾਲੇ ਆਪਣੇ ਕੰਮ ਨੂੰ ਬਿਹਤਰ ਸਮਝਣ ਵਿਚ ਤੁਹਾਡੀ ਮਦਦ ਕਰਨ ਲਈ, ਇਹ ਗਾਈਡ ਇਹ ਦੱਸਣ ਲਈ ਇਕ ਵਸੀਲੇ ਵਜੋਂ ਤਿਆਰ ਕੀਤੀ ਗਈ ਹੈ ਕਿ ਅਸੀਂ ਕੌਣ ਹਾਂ, ਸਾਡੀਆਂ ਕੁਝ ਸੇਵਾਵਾਂ ਕਿਹੜੀਆਂ ਹਨ, ਅਤੇ ਇਸ ਵਿਚ ਸੰਪਰਕ ਕਰਨ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਇਹ ਜਾਣਕਾਰੀ ਤੁਹਾਡੇ ਬੱਚੇ ਦੇ ਵਿਕਾਸ ਦੇ ਵੱਖ ਵੱਖ ਸਮਿਆਂ ’ਤੇ ਮਦਦ ਕਰਨ ਵਾਲੀ ਹੋ ਸਕਦੀ ਹੈ ਇਸ ਕਰਕੇ ਦੇਖਣ ਲਈ ਅਤੇ ਸੇਵਾਵਾਂ ਤੱਕ ਜ਼ਿਆਦਾ ਅਸਰਦਾਰ ਤਰੀਕੇ ਨਾਲ ਪਹੁੰਚ ਕਰਨ ਵਿਚ ਮਦਦ ਲਈ ਇਸ ਗਾਈਡ ਨੂੰ ਕਿਸੇ ਨੇੜਲੀ ਥਾਂ ’ਤੇ ਰੱਖੋ; ਹੁਣ ਅਤੇ ਭਵਿੱਖ ਵਿਚ।

ਇਸ ਦੇ ਇਲਾਵਾ, ਸਾਡੀ ਏਜੰਸੀ ਦੇ ਵੈੱਬਸਾਈਟ: www.altaregional.org ’ਤੇ ਅਜਿਹੀ ਜਾਣਕਾਰੀ ਅਤੇ ਅੱਪਡੇਟਸ ਹਨ ਜਿਹੜੇ ਤੁਹਾਡੇ ਲਈ ਫਾਇਦੇਮੰਦ ਹੋ ਸਕਦੇ ਹਨ। ਤੁਸੀਂ ਆਪਣੇ ਆਪ ਏਜੰਸੀ ਦੀਆਂ ਖਬਰਾਂ ਲੈਣ ਲਈ ਆਪਣੀ ਈਮੇਲ ਰਜਿਸਟਰ ਕਰ ਸਕਦੇ ਹੋ।

## ਇਸ ਗਾਈਡ ਦੇ ਅੰਦਰ


ਤੁਹਾਡਾ ਸਰਵਿਸ ਕੋਆਰਡੀਨੇਟਰ ........... 2
ਅਸੈੱਸਮੈਂਟ ਨੂੰ ਸਮਝਣਾ ...................... 3
ਮਦਦਾਂ ........................................... 4
Medi-Cal ਨਾਲ ਸੰਬੰਧਿਤ ਵਸੀਲੇ.......... 5
ਵਸੀਲਿਆਂ ਨਾਲ ਸੰਪਰਕ..................... 6
ਪ੍ਰੋਗਰਾਮ ਦੀਆਂ ਫੀਸਾਂ ........................ 7
ਵਤੀਰੇ ਬਾਰੇ ਸੇਵਾਵਾਂ ........................... 8
ਆਰਾਮ ਦਿਵਾਉਣਾ ਅਤੇ ਡੇਅਕੇਅਰ ..... 13
ਮੈਡੀਕਲ ਸਾਜ਼-ਸਾਮਾਨ ...................... 15
ਮਾਪੇ ਨੂੰ ਸਿੱਖਿਆ ........................... 16
ਸਵੈ-ਨਿਰਣਾ ................................. 17
ਰੀਜਨਲ ਸੈਂਟਰ ਦੇ ਦਫਤਰ................. 18

## ਤੁਹਾਡਾ ਸਰਵਿਸ ਕੋਆਰਡੀਨੇਟਰ

ਹੁਣ ਜਦ ਕਿ ਤੁਹਾਡੇ ਪਰਿਵਾਰ ਦਾ ਮੈਂਬਰ ਰੀਜਨਲ ਸੈਂਟਰ ਦੀਆਂ ਸੇਵਾਵਾਂ ਲਈ ਹੱਕਦਾਰ ਹੈ, ਅਸੀਂ ਤੁਹਾਨੂੰ ਉਸ ਵਿਅਕਤੀ ਬਾਰੇ ਦੱਸਣਾ ਚਾਹਾਂਗੇ ਜੋ ਇੱਥੇ ਸੈਂਟਰ ਵਿਚ ਤੁਹਾਡਾ ਮੇਨ ਸੰਪਰਕ ਅਤੇ ਸਾਥੀ ਹੋਵੇਗਾ – ਤੁਹਾਡਾ ACRC ਸਰਵਿਸ ਕੋਆਰਡੀਨੇਟਰ (SC) । ਸਾਨੂੰ ਆਸ ਹੈ ਕਿ ਆਪਣੇ SC ਬਾਰੇ ਜ਼ਿਆਦਾ ਜਾਣਨਾ Alta California Regional Center ਨਾਲ ਇਕ ਮਜ਼ਬੂਤ ਅਤੇ ਉਸਾਰੂ ਸੰਬੰਧ ਉਸਾਰਨ ਅਤੇ ਕਾਇਮ ਰੱਖਣ ਲਈ ਤੁਹਾਡਾ ਪਹਿਲਾ ਕਦਮ ਹੋਵੇਗਾ। ਸਰਵਿਸ ਕੋਆਰਡੀਨੇਟਰ (SC) ਕੋਲ ਸੋਸ਼ਲ ਵਰਕ ਵਿਚ ਮਾਸਟਰਜ਼ ਡਿਗਰੀ ਅਤੇ ਮਾਸਟਰਜ਼ ਡਿਗਰੀ ਤੋਂ ਬਾਅਦ ਘੱਟੋ ਘੱਟ ਦੋ ਸਾਲਾਂ ਦਾ ਤਜਰਬਾ ਹੋ ਸਕਦਾ ਹੈ ਜਾਂ ਬੈਚੁਲਰ ਡਿਗਰੀ ਹੋ ਸਕਦੀ ਹੈ ਅਤੇ ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ (ਡਿਵੈਲਪਮੈਂਟਲ ਡਿਸਏਬਿਲਟੀਜ਼) ਦੇ ਖੇਤਰ ਵਿਚ ਘੱਟੋ ਘੱਟ ਦੋ ਸਾਲਾਂ ਦਾ ਤਜਰਬਾ ਹੋ ਸਕਦਾ ਹੈ।

**ਤੁਹਾਡਾ ਸਰਵਿਸ ਕੋਆਰਡੀਨੇਟਰ ਕੀ ਕਰਦਾ ਹੈ?**

- ਸਰਗਰਮੀ ਨਾਲ ਕਲਾਇੰਟਾਂ ਦੀਆਂ ਲੋੜਾਂ ਦਾ ਹੱਲ ਕਰਦਾ ਹੈ
- ਅਸਰਦਾਰ ਤਰੀਕੇ ਨਾਲ ਕਲਾਇੰਟ ਅਤੇ ਪਰਿਵਾਰ ਨਾਲ ਗੱਲਬਾਤ ਕਰਦਾ ਹੈ
- ਕਲਾਇੰਟ ਦੀ ਹਿਮਾਇਤ ਕਰਦਾ ਹੈ
- ਪੇਸ਼ਾਵਰ ਸੂਝ ਵਰਤਦਾ ਹੈ
- ਕਲਾਇੰਟ ਦੀ ਸਿਹਤ ਦੀ ਸਥਿਤੀ ’ਤੇ ਨਿਗਰਾਨੀ ਰੱਖਦਾ ਹੈ ਅਤੇ ਇਸ ਦਾ ਅਨੁਮਾਨ ਲਾਉਂਦਾ ਹੈ
- ਧਿਆਨ ਮੰਗਦੇ ਮਸਲਿਆਂ ਦੀ ਪਛਾਣ ਅਤੇ ਹੱਲ ਕਰਦਾ ਹੈ
- ਅਸਰਦਾਰ ਤਰੀਕੇ ਨਾਲ IPPs ਲਿਖਦਾ ਹੈ ਜਿਹੜੀਆਂ ਸਹੀ ਤਰੀਕੇ ਨਾਲ ਲੋੜਾਂ ਦਾ ਹੱਲ ਕਰਦੀਆਂ ਹਨ
- ਅਨੁਮਾਨ ਲਾਉਣ ਯੋਗ ਨਤੀਜਿਆਂ ਲਈ ਸੇਵਾਵਾਂ ਦੇਣ ਬਾਰੇ ਨਿਸ਼ਚਿਤ ਸਮੇਂ ਬਾਅਦ ਰਿਵੀਊ ਕਰਦਾ ਹੈ
- ਟੀਚਿਆਂ ਅਤੇ ਉਦੇਸ਼ਾਂ ਦੀ ਅਸਰਦਾਰ ਤਰੀਕੇ ਨਾਲ ਪਛਾਣ ਕਰਦਾ ਹੈ ਅਤੇ ਉਨ੍ਹਾਂ ਦੀ ਪੂਰਤੀ ਵਿਚ ਮਦਦ ਕਰਦਾ ਹੈ ਜਿਸ ਨਾਲ ਕਲਾਇੰਟ ਦੀ ਭਲਾਈ ਵਿਚ ਵਾਧਾ ਹੋਵੇਗਾ
- ਪਛਾਣੇ ਗਏ ਟੀਚੇ ਪ੍ਰਾਪਤ ਕਰਨ ਲਈ ਜਿਵੇਂ ਵੀ ਢੁਕਵਾਂ ਹੋਵੇ, ਆਮ ਵਸੀਲਿਆਂ ਅਤੇ RC ਦੇ ਫੰਡਾਂ ਨਾਲ ਚੱਲਣ ਵਾਲੀਆਂ ਸੇਵਾਵਾਂ ਕੋਲ ਜਾਣ ਵਿਚ ਕਲਾਇੰਟ ਦੀ ਮਦਦ ਕਰਦਾ ਹੈ

## ਰੀਜਨਲ ਸੈਂਟਰ ਦੇ ਅਸੈੱਸਮੈਂਟ ਕਰਨ ਦੇ ਕਾਰਜ ਅਤੇ ਫੰਡਾਂ ਨੂੰ ਸਮਝਣਾ

ACRC ਪਛਾਣੀਆਂ ਗਈਆਂ ਲੋੜਾਂ ਪੂਰੀਆਂ ਕਰਨ ਖਾਤਰ ਕਮਿਉਨਟੀ ਵਿਚਲੇ ਵਸੀਲਿਆਂ ਦੀ ਵਰਤੋਂ ਲਈ ਨਿੱਜੀ ਪਲੈਨ ਤਿਆਰ ਕਰਨ ਵਿਚ ਕਲਾਇੰਟਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਕਰਦਾ ਹੈ। IPP ਲਈ ਪਲੈਨਿੰਗ ਦੇ ਕਾਰਜ ਵਿਚ ਜਾਣਕਾਰੀ ਇਕੱਠੀ ਕਰਨਾ ਅਤੇ ਅਸੈੱਸਮੈਂਟਾਂ ਕਰਨਾ ਸ਼ਾਮਲ ਹੈ ਜਿਸ ਦਾ ਮਕਸਦ ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ ਵਾਲੇ ਵਿਅਕਤੀ ਦੇ ਜ਼ਿੰਦਗੀ ਦੇ ਟੀਚਿਆਂ, ਸਮਰੱਥਾਵਾਂ ਅਤੇ ਮਜ਼ਬੂਤੀਆਂ, ਤਰਜੀਹਾਂ, ਰੁਕਾਵਟਾਂ, ਅਤੇ ਫਿਕਰਾਂ ਜਾਂ ਸਮੱਸਿਆਵਾਂ ਦਾ ਪਤਾ ਲਾਉਣਾ ਹੈ। ਅਸੈੱਸਮੈਂਟਾਂ ਯੋਗਤਾ ਪ੍ਰਾਪਤ ਵਿਅਕਤੀਆਂ ਵਲੋਂ ਕੀਤੀਆਂ ਜਾਣਗੀਆਂ ਅਤੇ ਜਿੱਥੇ ਵੀ ਸੰਭਵ ਹੋਵੇ ਕੁਦਰਤੀ ਮਾਹੌਲ ਵਿਚ ਕੀਤੀਆਂ ਜਾਣਗੀਆਂ। ਅਸੈੱਸਮੈਂਟ ਦੇ ਇਕ ਹਿੱਸੇ ਵਿਚ ਦੋਨੋਂ ਸਰਕਾਰੀ ਅਤੇ ਪ੍ਰਾਈਵੇਟ ਆਮ ਵਸੀਲਿਆਂ ਦੀ ਪੜਚੋਲ ਕਰਨਾ ਸ਼ਾਮਲ ਹੈ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਪਛਾਣੀਆਂ ਗਈਆਂ ਲੋੜਾਂ ਵਿਚ ਮਦਦ ਲਈ ਕਿਹੜੇ ਵਸੀਲੇ ਮੌਜੂਦ ਹਨ। ਅੱਗੇ ਲਿਖਿਆਂ ਨੂੰ ਧਿਆਨ ਵਿਚ ਰੱਖਦੇ ਹੋਏ ACRC ਸੇਵਾਵਾਂ ਅਤੇ ਮਦਦ ਲਈ ਪੈਸੇ ਦੇਵੇਗਾ:

| | |
|---|---|
| *ਲੈਂਟਰਮੈਨ ਐਕਟ ਮੁਤਾਬਕ ਸੇਵਾਵਾਂ (Lanterman Act)* | *IPP ਵਿਚਲਾ ਕੋਈ ਟੀਚਾ ਜਾਂ ਉਦੇਸ਼ ਪ੍ਰਾਪਤ ਕਰਦਾ ਹੈ* |
| *ਯੋਗ ਹਾਲਤ ਨਾਲ ਸੰਬੰਧਿਤ ਲੋੜ ਪੂਰੀ ਕਰਦਾ ਹੈ* | *ਕੁਦਰਤੀ/ਆਮ ਵਸੀਲਿਆਂ ਦੀ ਦੋਹਰ ਨਹੀਂ ਪਾਏਗਾ* |
| *ਕਿਫਾਇਤੀ* | *ਏਜੰਸੀ ਦੇ ਉਦੇਸ਼ ਦੀ ਹਿਮਾਇਤ ਕਰਦਾ ਹੈ* |
| *ਸਰਵਿਸ ਦੇਣ ਵਾਲਾ "ਅਧਿਕਾਰਤ" ਹੈ* | *ਖੋਜ ਨੇ ਅਸਰਦਾਰ ਸਾਬਤ ਕੀਤਾ ਹੈ ਨੁਕਸਾਨਦੇਹ ਨਹੀਂ* |

**ਹੋਮ ਐਂਡ ਕਮਿਉਨਟੀ–ਬੇਸਡ ਵੇਵਰ (HCBS) ਜਾਂ MEDICAID ਵੇਵਰ (MW) ਪ੍ਰੋਗਰਾਮ:** ਇਹ ਇਕ ਫੈਡਰਲ ਪ੍ਰੋਗਰਾਮ ਹੈ ਜਿਹੜਾ ਰੀਜਨਲ ਸੈਂਟਰ ਵਲੋਂ ਚਲਾਇਆ ਜਾਂਦਾ ਹੈ ਜੋ ਕਿ ਤੁਹਾਡੀ ਰਿਹਾਇਸ਼ ਵਾਲੀ ਕਾਉਂਟੀ ਨੂੰ Medi-Cal ਲਈ ਆਮਦਨ ਦੀਆਂ ਸ਼ਰਤਾਂ ਤੋਂ ਛੋਟ ਦੇਣ ਦੀ ਆਗਿਆ ਦਿੰਦਾ ਹੈ। Medicaid ਵੇਵਰ ਪ੍ਰੋਗਰਾਮ ਵਿਚ ਹਿੱਸਾ ਲੈਣ ਨਾਲ ਤੁਸੀਂ Medi-Cal ਦੇ ਫੰਡ ਡਾਇਪਰਾਂ, ਮੈਡੀਕਲ ਸਪਲਾਈਆਂ ਲਈ ਵਰਤ ਸਕਦੇ ਹੋ ਅਤੇ ਇਹ ਅਕਸਰ ਡਾਕਟਰ ਦੇ ਜਾਣ ਅਤੇ ਦਵਾਈਆਂ ਲਈ ਕੋ–ਪੇਅਜ਼ ਨੂੰ ਵੀ ਕਵਰ ਕਰਦਾ ਹੈ।

**ਇਸ ਦੇ ਇਲਾਵਾ, ਆਪਣੇ ਬੱਚੇ ਨੂੰ Medi-Cal 'ਤੇ ਪਾਉਣ ਨਾਲ ਤੁਹਾਨੂੰ ਰੀਜਨਲ ਸੈਂਟਰ ਦੀਆਂ ਸੇਵਾਵਾਂ (AFPF/FCPP –ਬਾਅਦ ਵਿਚ ਦੱਸਿਆ ਗਿਆ ਹੈ) ਲਈ ਖਰਚੇ ਦਾ ਹਿੱਸਾ ਦੇਣ ਤੋਂ ਛੋਟ ਮਿਲੇਗੀ।** ਤੁਹਾਡਾ SC ਤੁਹਾਡੇ ਬੱਚੇ ਨੂੰ Medicaid ਵੇਵਰ ਪ੍ਰੋਗਰਾਮ ਲਈ ਸਾਈਨ ਅੱਪ ਕਰਕੇ Medi-Cal ਦਾ ਕਾਰਜ ਸ਼ੁਰੂ ਕਰ ਸਕਦਾ ਹੈ।

*ਡਬਲਯੂ ਐਂਡ ਆਈ ਕੋਡ §4643(c), 4646.4, 4783, 4785*

## ਆਮ ਵਸੀਲੇ, ਕੁਦਰਤੀ ਮਦਦਾਂ, ਅਤੇ ਰੀਜਨਲ ਸੈਂਟਰ ਦੇ ਪ੍ਰੋਗਰਾਮ ਜਿਹੜੇ ਲਾਗੂ ਹੋ ਸਕਦੇ ਹਨ

ਕਲਾਇੰਟ

| **ਆਮ ਅਤੇ ਪ੍ਰਾਈਵੇਟ ਵਸੀਲੇ:** | **ਕੁਦਰਤੀ ਮਦਦਾਂ:** |
|---|---|
| • Medi-Cal | • ਪਰਿਵਾਰ |
| • ਸਮੇਂ ਸਮੇਂ ’ਤੇ ਹੋਣ ਵਾਲੀ ਅਗੇਤੀ ਜਾਂਚ, ਪਛਾਣ ਅਤੇ ਇਲਾਜ (EPSDT) | • ਵੱਡਾ ਪਰਿਵਾਰ/ਰਿਸ਼ਤੇਦਾਰ |
| • ਸਕੂਲ ਜ਼ਿਲੇ | • ਸੇਵਾਵਾਂ ਦੇਣ ਵਾਲੀਆਂ ਸੰਸਥਾਵਾਂ |
| • ਕਾਉਂਟੀ ਇਨ-ਹੋਮ ਸੁਪੋਰਟਿਵ ਸਰਵਿਸਿਜ਼ (IHSS) | • ਟਰਾਈਬਲ ਸੰਸਥਾਵਾਂ |
| • ਕੈਲੇਫੋਰਨੀਆ ਚਿਲਡਰਨਜ਼ ਸਰਵਿਸਿਜ਼ (CCS) | • ਕਮਿਉਨਟੀ ਵਿਚ ਮਨੋਰੰਜਨ ਦੇ ਮੌਕੇ |
| • ਕਾਉਂਟੀ ਮੈਂਟਲ ਹੈਲਥ ਸਰਵਿਸਿਜ਼ | • ਧਾਰਮਿਕ ਸਥਾਨ |
| • Denti-Cal | • ਸਹਾਇਤਾ ਕਰਨ ਵਾਲੇ ਗਰੁੱਪ |
| • Warmline ਫੈਮਿਲੀ ਰੀਸੋਰਿਸ ਸੈਂਟਰ (FRC) | • ਦੋਸਤ |
| • ਇਨ-ਹੋਮ ਓਪਰੇਸ਼ਨਜ਼ (IHO) | • ਗੁਆਂਢੀ |
| • ਸਿਟੀ, ਕਾਉਂਟੀ ਅਤੇ ਸਟੇਟ ਦੀ ਰਿਹਾਇਸ਼ਾਂ ਵਿਚ ਮਦਦ | |
| • ਕਮਿਉਨਟੀ ਲੀਗਲ ਸਰਵਿਸਿਜ਼ | |
| • ਪ੍ਰਾਈਵੇਟ ਇਨਸ਼ੋਰੈਂਸ | |

## MEDI-CAL ਅਤੇ ਸੰਬੰਧਿਤ ਵਸੀਲਿਆਂ ਬਾਰੇ ਜਾਣਕਾਰੀ

Medi-Cal ਰੀਜਨਲ ਸੈਂਟਰ ਦੇ ਸਰਵਿਸ ਪ੍ਰੋਗਰਾਮ ਵਿਚ ਇਕ ਮਹੱਤਵਪੂਰਨ ਪ੍ਰੋਗਰਾਮ ਹੈ। ਜੇ ਤੁਹਾਡਾ ਬੱਚਾ HCBS ਵੇਵਰ ਲਈ ਯੋਗ ਹੈ ਤਾਂ ਇਸ ਵਿਚ ਦਾਖਲ ਕਰਨਾ ਚੰਗਾ ਹੈ। ਇਸ ਤਰ੍ਹਾਂ ਜਿਹੜੀਆਂ ਸੇਵਾਵਾਂ ਦੀ ਤੁਸੀਂ ਚੋਣ ਕਰੋਗੇ ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਦਾ ਕੁਝ ਖਰਚਾ ਫੈਡਰਲ Medicaid ਪ੍ਰੋਗਰਾਮ ਰਾਹੀਂ ਦਿੱਤਾ ਜਾਵੇਗਾ। ਕੈਲੇਫੋਰਨੀਆ ਦੇ ਰੀਜਨਲ ਸੈਂਟਰ, ਸਾਰੇ ਯੋਗ ਵਿਅਕਤੀਆਂ ਲਈ ਸਟੇਟ ਦੇ ਫੰਡਾਂ ਨਾਲ ਮਿਲਣ ਵਾਲੀਆਂ ਬਹੁਤ ਸਾਰੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ। Medi-Cal ਵਿਚ ਦਾਖਲਾ, ਤੁਹਾਡੇ ਬੱਚੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਉਪਲਬਧ ਆਮ ਵਸੀਲਿਆਂ ਤੱਕ ਪੂਰੀ ਪਹੁੰਚ ਕਰਨ ਲਈ ਲੈਂਟਰਮੈਨ ਐਕਟ ਦੀ ਪਾਲਣਾ ਕਰਨ ਵਿਚ ਸਾਡੀ ਮਦਦ ਕਰਦਾ ਹੈ।

**Medi-Cal ਤੋਂ ਹੁਣ ਔਟਿਜ਼ਮ ਦੇ ਇਲਾਜ ਲਈ ਫੰਡ ਦੇਣ ਦੀ ਵੀ ਮੰਗ ਕੀਤੀ ਜਾਂਦੀ ਹੈ, ਅਤੇ ਜੇ ਤੁਹਾਡੇ ਕੋਲ ਪ੍ਰਾਈਵੇਟ ਇਨਸ਼ੋਰੈਂਸ ਹੋਵੇ ਤਾਂ ਇਸ ਇਲਾਜ ਨਾਲ ਸੰਬੰਧਿਤ ਕੋ-ਪੇਮੈਂਟਾਂ ਵਿਚ ਵੀ ਮਦਦ ਹੋ ਸਕਦੀ ਹੈ।** ਤੁਹਾਡੇ ਬੱਚੇ ਦਾ Medi-Cal ’ਤੇ ਹੋਣ ਨਾਲ ਘਰ ਵਿਚ ਸਹਾਇਤਾ ਦੀਆਂ ਸੇਵਾਵਾਂ (IHSS) ਲੈਣ ਲਈ ਵੀ ਹੱਕਦਾਰੀ ਬਣ ਸਕਦੀ ਹੈ, ਅਤੇ ਬਾਲਗ ਹੋਣ ’ਤੇ ਉਨ੍ਹਾਂ ਲਈ ਸੋਸ਼ਲ ਸਕਿਉਰਟੀ ਤੱਕ ਪਹੁੰਚ ਕਰਨਾ ਵੀ ਸੌਖਾ ਬਣ ਸਕਦਾ ਹੈ।

## MEDI-CAL ਅਤੇ ਸੰਬੰਧਿਤ ਵਸੀਲਿਆਂ ਬਾਰੇ ਜਾਣਕਾਰੀ

### ਘਰ ਵਿਚ ਸਹਾਇਤਾ ਦੀਆਂ ਸੇਵਾਵਾਂ (IN-HOME SUPPORT SERVICES, IHSS):

IHSS ਕਾਉਂਟੀ ਦਾ ਪ੍ਰੋਗਰਾਮ ਹੈ, ਜਿਸ ਦੀ ਮਦਦ ਸਿਰਫ ਤਾਂ ਹੀ ਲਈ ਜਾ ਸਕਦੀ ਹੈ ਜੇ ਬੱਚੇ ਦਾ Medi-Cal ਦਰਜਾ ਐਕਟਿਵ ਹੋਵੇ। ਇਹ ਪ੍ਰੋਗਰਾਮ ਤੁਹਾਡੀ ਰਿਹਾਇਸ਼ ਵਾਲੀ ਕਾਉਂਟੀ ਚਲਾਉਂਦੀ ਹੈ। ਪ੍ਰੋਗਰਾਮ ਲਈ ਤੁਹਾਡੇ ਅਪਲਾਈ ਕਰਨ ਤੋਂ ਬਾਅਦ, ਕਾਉਂਟੀ ਇਹ ਪਤਾ ਲਾਉਣ ਲਈ ਇਕ ਸੋਸ਼ਲ ਵਰਕਰ ਤੁਹਾਡੇ ਘਰ ਭੇਜਦੀ ਹੈ ਕਿ ਕੀ ਤੁਹਾਡੇ ਬੱਚੇ ਦੀ ਨਿਗਰਾਨੀ ਅਤੇ ਸਵੈ-ਸੰਭਾਲ ਦੀਆਂ ਲੋੜਾਂ ਅਤੇ ਉਸ ਉਮਰ ਦੇ ਵਿਕਸਤ ਹੋ ਰਹੇ ਇਕ ਆਮ ਬੱਚੇ ਵਿਚਕਾਰ ਕੋਈ ਫਰਕ ਤਾਂ ਨਹੀਂ। ਜੇ ਤੁਹਾਡੇ ਬੱਚੇ ਨੂੰ ਵਧ ਰਹੇ ਇਕ ਆਮ ਬੱਚੇ ਨਾਲੋਂ ਜ਼ਿਆਦਾ ਸੰਭਾਲ ਦੀ ਲੋੜ ਹੋਵੇ ਤਾਂ IHSS ਬੱਚੇ ਲਈ ਇਹ ਸੰਭਾਲ ਪ੍ਰਦਾਨ ਕਰਨ ਲਈ ਹਰ ਮਹੀਨੇ ਸੰਭਾਲ ਦੇ ਘੰਟੇ ਅਲਾਟ ਕਰ ਸਕਦੀ ਹੈ। ਇਨ੍ਹਾਂ ਘੰਟਿਆਂ ਲਈ ਫੰਡ ਕਾਉਂਟੀ ਵਲੋਂ ਦਿੱਤੇ ਜਾਂਦੇ ਹਨ ਤਾਂ ਜੋ ਤੁਸੀਂ ਏ) ਆਪਣੇ ਬੱਚੇ ਦੀ ਨਿਗਰਾਨੀ ਅਤੇ ਲੋੜੀਂਦੀ ਸੰਭਾਲ ਲਈ ਕਿਸੇ ਨੂੰ ਕੰਮ 'ਤੇ ਰੱਖ ਸਕੋ ਜਦੋਂ ਤੁਸੀਂ ਘਰ ਤੋਂ ਗੈਰਹਾਜ਼ਰ ਹੁੰਦੇ ਹੋ ਜਾਂ ਬੀ) ਤਾਂ ਜੋ ਤੁਹਾਨੂੰ ਉਸ ਵਾਧੂ ਕੰਮ ਲਈ ਪੈਸੇ ਮਿਲ ਸਕਣ ਜਿਹੜਾ ਤੁਸੀਂ ਉਸ ਦੀ ਡਿਸਏਬਿਲਟੀ ਦੀ ਕਿਸਮ ਕਰਕੇ ਆਪਣੇ ਬੱਚੇ ਲਈ ਕਰਦੇ ਹੋ। ਜੇ ਤੁਹਾਡੇ ਬੱਚੇ ਦੀ ਉਮਰ 5 ਸਾਲ ਤੋਂ ਘੱਟ ਹੈ, ਤਾਂ ਹੋ ਸਕਦਾ ਇਸ ਸਮੇਂ ਉਹ IHSS ਲਈ ਯੋਗ ਨਾ ਹੋਵੇ। ਪਰ ਉਸ ਦੇ ਵੱਡਾ ਹੋਣ 'ਤੇ ਤੁਹਾਡੇ ਬੱਚੇ ਬਾਰੇ ਦੁਬਾਰਾ ਵਿਚਾਰ ਕੀਤੀ ਜਾ ਸਕਦੀ ਹੈ।

### ਸਪਲੀਮੈਂਟਲ ਸਕਿਉਰਟੀ ਇਨਕਮ (SUPPLEMENTAL SECURITY INCOME, SSI):

SSI ਪਰਿਵਾਰ ਦੀ ਆਮਦਨ ਦੇ ਆਧਾਰ 'ਤੇ ਖਾਣੇ, ਕੱਪੜਿਆਂ ਅਤੇ ਰਿਹਾਇਸ਼ ਲਈ ਫੰਡ ਪ੍ਰਦਾਨ ਕਰ ਸਕਦੀ ਹੈ। ਸੋਸ਼ਲ ਸਕਿਉਰਟੀ ਲਈ ਅਪਲਾਈ ਕਰਨ ਲਈ ਆਮ ਫੋਨ ਨੰਬਰ 1-800-772-1213 ਹੈ ਜਾਂ ਤੁਸੀਂ ਆਪਣੇ ਲੋਕਲ ਸੋਸ਼ਲ ਸਕਿਉਰਟੀ ਆਫਿਸ ਵਿਚ ਜਾ ਕੇ ਅਪਲਾਈ ਕਰ ਸਕਦੇ ਹੋ। ਜ਼ਿਆਦਾ ਜਾਣਕਾਰੀ ਲਈ ਤੁਸੀਂ ਵੈੱਬਸਾਈਟ http://www.ssa.gov 'ਤੇ ਜਾ ਸਕਦੇ ਹੋ। ਤੁਸੀਂ ਔਨਲਾਈਨ www.C4Yourself.com 'ਤੇ ਅਪਲਾਈ ਕਰ ਸਕਦੇ ਹੋ।

### ਫੈਮਿਲੀ ਰੀਸੋਰਸ ਸੈਂਟਰ (FAMILY RESOURCE CENTER, FRC):

ਕੈਲੇਫੋਰਨੀਆ ਨੇ ਉਨ੍ਹਾਂ ਪਰਿਵਾਰਾਂ ਦੀ ਮਦਦ, ਸੰਭਾਲ, ਟਰੇਨਿੰਗ ਅਤੇ ਸਮਝ ਲਈ ਹਰ ਕਾਉਂਟੀ ਵਿਚ ਫੈਮਿਲੀ ਰੀਸੋਰਸ ਸੈਂਟਰਾਂ (FRCs) ਲਈ ਫੰਡ ਪ੍ਰਦਾਨ ਕੀਤੇ ਹਨ ਜਿਨ੍ਹਾਂ ਵਿਚ ਖਾਸ ਲੋੜਾਂ ਵਾਲਾ ਬੱਚਾ ਹੈ।

# ਕਾਉਂਟੀ ਮੁਤਾਬਕ ਵਸੀਲਿਆਂ ਨਾਲ ਸੰਪਰਕ

| ਕਾਉਂਟੀ | Medi-Cal | IHSS | SSI | FRC |
|---|---|---|---|---|
| **Alpine** | 530-694-2235 | 530-694-2235 | 530-694-2235 | Warmline FRC:<br>800-455-9517 |
| **Colusa** | 530-458-0280 | 530-458-0280 | 530-671-1896 | Colusa County FRC:<br>530-458-8891 |
| **El Dorado** | 530-642-7300 | 530-642-4800 | 877-545-5497 | North Tahoe FRC:<br>530-546-0952 |
| **Nevada** | Grass Valley:<br>530-265-1450<br><br>Truckee:<br>530- 582-7814 | 530-274-5601 | 866-931-6087 | FRC of Truckee:<br>530-587-2513 |
| **Placer** | South Placer:<br><br>916-636-1980<br><br>Auburn:<br><br>530-889-7610 | South Placer:<br><br>916-787-8860<br><br>Auburn:<br><br>530-889-7115 | South Placer:<br>916-770-8300<br><br>800-772-1213<br><br>Auburn:<br>866-931-6087 | Warmline FRC:<br>916-455-9500<br><br>Lighthouse FRC:<br>916-645-3300 |
| **Sacramento** | (916) 874-3100 | (916) 874-8471 | 800-772-1213 | Warmline FRC:<br>916-455-9500 |
| **Sierra** | Grass Valley:<br>530-265-1450<br><br>Truckee:<br>530- 582-7814 | 530-274-5601 | 866-931-6087 | Warmline FRC:<br>916-455-9500 |
| **Sutter** | 877-652-0735 | 530-822-7227 | 530-671-1896 | Family Soup FRC:<br>530-751-1925 |
| **Yolo** | 530-661-2700 | 530-661-2955 | 916-373-3850 | Warmline FRC:<br>916-455-9500 |
| **Yuba** | 877-652-0739<br>530-749-6311 | 530-749-6471 | 530-671-1896 | Yuba County FRC:<br>530-749-4049 |

## ਫੈਮਿਲੀ ਪ੍ਰੋਗਰਾਮ ਦੀ ਸਲਾਨਾ ਫੀਸ (AFPF)

ਫੈਮਿਲੀ ਪ੍ਰੋਗਰਾਮ ਦੀ ਸਲਾਨਾ ਫੀਸ (AFPF) ਤੁਹਾਡੇ 'ਤੇ ਲਾਗੂ ਹੁੰਦੀ ਹੈ ਜੇ ਤੁਹਾਡਾ ਬੱਚਾ ਇਸ ਵੇਲੇ Medi-Cal 'ਤੇ ਨਹੀਂ ਹੈ *ਅਤੇ* ਰੀਜਨਲ ਸੈਂਟਰ ਤੋਂ ਸੇਵਾਵਾਂ ਲੈ ਰਿਹਾ ਹੈ। ਇਹ ਫੀਸ ਡਿਪਾਰਟਮੈਂਟ ਔਫ ਡਿਵੈਲਪਮੈਂਟ ਸਰਵਿਸਿਜ਼ (DDS) ਵਲੋਂ ਇਕੱਠੀ ਕੀਤੀ ਜਾਂਦੀ ਹੈ। ਪਰ ਤੁਹਾਡਾ ਸਰਵਿਸ ਕੋਆਰਡੀਨੇਟਰ (SC) ਤੁਹਾਡੇ ਨਾਲ ਸੰਪਰਕ ਕਰਨ ਅਤੇ ਤੁਹਾਡੀ ਸਲਾਨਾ ਫੀਸ ਦਾ ਹਿਸਾਬ ਲਾਉਣ, ਅਤੇ ਇਸ ਅਮਲ ਲਈ ਪੇਪਰਾਂ ਦਾ ਕੰਮ ਕਰਨ ਲਈ ਜ਼ਿੰਮੇਵਾਰ ਹੈ। ਇਸ ਅਸੈੱਸਮੈਂਟ ਨਾਲ IPP ਕਾਰਜ ਰਾਹੀਂ ਸਰਵਿਸ ਦੇ ਲਾਗੂ ਹੋਣ ਵਿਚ ਦੇਰੀ ਨਹੀਂ ਹੋਵੇਗੀ।

ਪਰਿਵਾਰਾਂ ਤੋਂ ਪ੍ਰਤੀ ਵਿੱਤੀ ਸਾਲ (ਜੁਲਾਈ ਤੋਂ ਜੂਨ) ਲਈ 200 ਡਾਲਰ ਫੀਸ ਲਈ ਜਾਂਦੀ ਹੈ, ਜੇ ਉਹ ਪਰਿਵਾਰ ਦੇ ਆਕਾਰ ਅਤੇ ਅਡਜਸਟ ਹੋਈ ਕੁੱਲ ਆਮਦਨ ਦੇ ਸਬੂਤ ਨਹੀਂ ਦਿੰਦੇ ਜੋ ਕਿ ਫੀਸ ਨੂੰ ਜਾਂ ਘਟਾ ਸਕਦੀ ਹੈ ਜਾਂ ਮਾਫ ਕਰ ਸਕਦੀ ਹੈ। ਤੁਸੀਂ 200 ਡਾਲਰ ਦੀ ਫੀਸ ਦੇਣ ਦੀ ਚੋਣ ਕਰ ਸਕਦੇ ਹੋ ਜਾਂ, ਜੇ ਤੁਸੀਂ ਘੱਟ ਰਕਮ ਲਈ ਵਿਚਾਰੇ ਜਾਣਾ ਚਾਹੁੰਦੇ ਹੋ ਤਾਂ ਤੁਸੀਂ ਆਪਣੇ SC ਨੂੰ ਆਪਣੀ ਸਟੇਟ ਜਾਂ ਫੈਡਰਲ ਇਨਕਮ ਟੈਕਸ ਰਿਟਰਨ ਦੀ ਕਾਪੀ ਦਿਖਾ ਸਕਦੇ ਹੋ ਜਿਸ ਉੱਪਰ ਤਹਾਡੀ ਸਲਾਨਾ ਆਮਦਨ ਅਤੇ ਨਿਰਭਰਾਂ ਦਾ ਵੇਰਵਾ ਹੋਵੇ।

ਜੇ ਤੁਹਾਡੀ ਆਮਦਨ AFPF ਪ੍ਰੋਗਰਾਮ ਵਿਚ ਪਛਾਣੀ ਗਈ ਆਮਦਨ ਨਾਲੋਂ ਵਧ ਜਾਂਦੀ ਹੈ ਤਾਂ ਤੁਸੀਂ ਫਿਰ ਵੀ ਫੀਸ ਤੋਂ ਛੋਟ ਦਿੱਤੇ ਜਾਣ ਲਈ ਬੇਨਤੀ ਕਰ ਸਕਦੇ ਹੋ ਜੇ ਤੁਸੀਂ ਇਨ੍ਹਾਂ ਵਿੱਚੋਂ ਕੋਈ ਚੀਜ਼ ਦਿਖਾ ਸਕੋ:

- ਤੁਹਾਡੇ ਬੱਚੇ ਨੂੰ ਘਰ ਵਿੱਚ ਰੱਖਣ ਲਈ ਛੋਟ ਜ਼ਰੂਰੀ ਹੈ,
- ਤੁਹਾਨੂੰ ਕਿਸੇ ਵਿਸ਼ੇਸ਼ ਹਾਲਤ ਦਾ ਸਾਮ੍ਹਣਾ ਕਰਨਾ ਪਿਆ ਹੈ ਜਿਹੜੀ ਫੀਸ ਦੇਣ ਦੀ ਤੁਹਾਡੀ ਸਮਰੱਥਾ 'ਤੇ ਅਸਰ ਪਾਉਂਦੀ ਹੈ, ਜਾਂ ਆਪਣੇ ਬੱਚੇ ਦੀ ਸੰਭਾਲ ਅਤੇ ਨਿਗਰਾਨੀ ਦੀਆਂ ਲੋੜਾਂ ਪੂਰੀਆਂ ਕਰਨ ਦੀ ਤੁਹਾਡੀ ਸਮਰੱਥਾ 'ਤੇ ਅਸਰ ਪਾਉਂਦੀ ਹੈ, ਜਾਂ
- ਤੁਹਾਨੂੰ ਕੋਈ ਬਹੁਤ ਵੱਡਾ ਘਾਟਾ ਪਿਆ ਹੈ ਜਿਹੜਾ ਤੁਹਾਡੇ ਪਰਿਵਾਰ 'ਤੇ ਸਿੱਧਾ ਆਰਥਿਕ ਅਸਰ ਪਾਉਂਦਾ ਹੈ ਅਤੇ ਫੀਸ ਦੇਣ ਦੀ ਤੁਹਾਡੀ ਸਮਰੱਥਾ ਨੂੰ ਆਰਜ਼ੀ ਤੌਰ 'ਤੇ ਸੀਮਤ ਕਰਦਾ ਹੈ।

ਜੇ ਤੁਸੀਂ ਛੋਟ ਲਈ ਬੇਨਤੀ ਕਰ ਰਹੇ ਹੋ ਤਾਂ ਕਿਰਪਾ ਕਰਕੇ ਉੱਪਰ ਦਿੱਤੇ ਕਾਰਨਾਂ ਨਾਲ ਸੰਬੰਧਿਤ ਜਾਣਕਾਰੀ ਰੀਜਨਲ ਸੈਂਟਰ ਵਲੋਂ ਵਿਚਾਰੇ ਜਾਣ ਲਈ ਆਪਣੇ SC ਨੂੰ ਦਿਉ।

*ਡਬਲਯੂ ਐਂਡ ਆਈ ਕੋਡ § 4785*

## ਪਰਿਵਾਰ ਵਲੋਂ ਖਰਚਾ ਦੇ ਕੇ ਹਿੱਸਾ ਲੈਣ ਦਾ ਪ੍ਰੋਗਰਾਮ (FCPP)

ਜਿਹੜੇ ਪਰਿਵਾਰ ਰੀਜਨਲ ਸੈਂਟਰ ਦੇ ਫੰਡਾਂ ਨਾਲ ਚੱਲਣ ਵਾਲੀਆਂ ਖਾਸ ਸੇਵਾਵਾਂ (ਆਰਾਮ ਦਿਵਾਉਣਾ ਜਾਂ ਡੇਅ ਕੇਅਰ) ਲੈਣ ਦੀ ਚੋਣ ਕਰਦੇ ਹਨ ਅਤੇ ਜਿਨ੍ਹਾਂ ਕੋਲ Medi-Cal ਦਾ ਐਕਟਿਵ ਦਰਜਾ **ਨਹੀਂ ਹੈ**, ਉਨ੍ਹਾਂ ਨੂੰ ਇਨ੍ਹਾਂ ਸੇਵਾਵਾਂ ਦੇ ਹਿੱਸੇ ਦਾ ਖਰਚਾ ਦੇਣਾ ਪੈ ਸਕਦਾ ਹੈ। ਸੇਵਾਵਾਂ ਲੈਣ ਲਈ, ਤੁਹਾਡੇ ਖਰਚੇ ਦੇ ਹਿੱਸੇ ਦਾ ਪਤਾ ਲਾਇਆ ਜਾਣਾ ਜ਼ਰੂਰੀ ਹੈ। ਜੇ ਤੁਸੀਂ ਆਪਣੇ ਬੱਚੇ ਨੂੰ Medi-Cal 'ਤੇ ਨਾ ਪਾਉਣ ਦਾ ਫੈਸਲਾ ਕਰਦੇ ਹੋ ਤਾਂ ਤੁਹਾਨੂੰ FCPP ਪੈਕਟ ਮੁਕੰਮਲ ਕਰਨ ਦੀ ਲੋੜ ਪਵੇਗੀ ਅਤੇ ਆਪਣੇ ਹਿੱਸੇ ਦੇ ਖਰਚੇ ਦਾ ਪਤਾ ਲਾਉਣ ਲਈ ਆਪਣੀ ਆਮਦਨ ਦੀ ਜਾਣਕਾਰੀ ਰੀਜਨਲ ਸੈਂਟਰ ਕੋਲ ਦਰਜ ਕਰਵਾਉਣੀ ਪਵੇਗੀ।

*ਡਬਲਯੂ ਐਂਡ ਆਈ ਕੋਡ § 4783*



## ਵਤੀਰੇ ਬਾਰੇ ਸੇਵਾਵਾਂ

ਪ੍ਰਾਈਵੇਟ ਇਨਸ਼ੋਰੈਂਸ ਅਤੇ Medi-Cal ਦੋਨੋਂ ਨੂੰ ਉਨ੍ਹਾਂ ਵਿਅਕਤੀਆਂ ਲਈ ABA ਸੇਵਾਵਾਂ ਦੇਣ ਦਾ ਆਦੇਸ਼ ਹੈ ਜਿਨ੍ਹਾਂ ਦੀ ਪਛਾਣ ਔਟਿਜ਼ਮ ਸਪੈਕਟਰਮ ਡਿਸਔਰਡਰ (ASD) ਵਾਲਿਆਂ ਵਜੋਂ ਹੋਈ ਹੁੰਦੀ ਹੈ। ਸਿਹਤ ਸੰਭਾਲ ਦੀਆਂ ਸੇਵਾਵਾਂ ਦਾ ਵਿਭਾਗ (Department of Health Care Services, DHCS) Medi-Cal ਦਾ ਪ੍ਰਬੰਧ ਕਰਦਾ ਹੈ ਅਤੇ ਵਤੀਰੇ ਨਾਲ ਸੰਬੰਧਿਤ ਸਿਹਤ ਦੇ ਇਲਾਜ (BHT) ਲਈ ABA ਕੋਲ ਭੇਜਦਾ ਹੈ। ਰੀਜਨਲ ਸੈਂਟਰ, ਪਹਿਲਾਂ ਪ੍ਰਾਈਵੇਟ ਇਨਸ਼ੋਰੈਂਸ ਅਤੇ/ਜਾਂ Medi-Cal ਤੋਂ ਨਾਂਹ ਦੀ ਕਾਪੀ ਪ੍ਰਾਪਤ ਕੀਤੇ ਬਿਨਾਂ ਔਟਿਜ਼ਮ ਵਾਲੇ ਬੱਚਿਆਂ ਲਈ ABA/BHT ਸੇਵਾਵਾਂ ਲਈ ਫੰਡ ਨਹੀਂ ਦੇ ਸਕਦਾ। ਕੋ-ਪੇਮੈਂਟਾਂ ਅਤੇ/ਜਾਂ ਤੁਹਾਡੀ ਕਵਰੇਜ ਦੇ ਸਬੂਤ ਨਾਲ ਜੁੜੀਆਂ ਕੋ-ਇਨਸ਼ੋਰੈਂਸ ਦੀਆਂ ਪੇਮੈਂਟਾਂ ਦਾ ਖਰਚਾ ਘਟਾਉਣ ਲਈ Medi-Cal ਤੁਹਾਡੀ ਪ੍ਰਾਈਵੇਟ ਇਨਸ਼ੋਰੈਂਸ ਦੀ ਸਾਥੀ ਸਰਵਿਸ ਵੀ ਹੋ ਸਕਦੀ ਹੈ।

ਤੁਹਾਡੇ SC ਵਜੋਂ ਇਨ੍ਹਾਂ ਸੇਵਾਵਾਂ ਨੂੰ ਸਮਝਣ ਅਤੇ ਇਹ ਪਤਾ ਲਾਉਣ ਵਿਚ ਮੈਂ ਤੁਹਾਡੀ ਮਦਦ ਕਰ ਸਕਦਾ/ਸਕਦੀ ਹਾਂ ਕਿ ਇਹ ਫੰਡ ਕਿਵੇਂ ਲੈਣੇ ਹਨ। ਤੁਹਾਨੂੰ ਪਤਾ ਲੱਗੇਗਾ ਕਿ ਇਨਸ਼ੋਰੈਂਸ ਕੰਪਨੀਆਂ ABA/BHT ਦੀਆਂ ਸੇਵਾਵਾਂ ਵਿਚਕਾਰ ਸਦਾ ਫਰਕ ਨਹੀਂ ਕਰਦੀਆਂ। ਹੇਠਾਂ ਇਹ ਵਰਣਨ ਹੈ ਕਿ ਕਿਵੇਂ ACRC ਲੈਂਟਰਮੈਨ ਐਕਟ ਦੀਆਂ ਸ਼ਰਤਾਂ ਮੁਤਾਬਕ ਅਤੇ ਸਬੂਤ ਆਧਾਰਿਤ ਪ੍ਰੈਕਟਿਸ ਮੁਤਾਬਕ ABA ਸੇਵਾਵਾਂ ਨੂੰ ਫੰਡ ਦਿੰਦਾ ਹੈ।

*ਡਬਲਯੂ ਐਂਡ ਆਈ ਕੋਡ § 4648, 4659, 4685-4689.8*

## ABA ਸੇਵਾਵਾਂ

"ABA ਸੇਵਾਵਾਂ" ਇਕ ਆਮ ਸ਼ਬਦ ਹੈ ਜਿਹੜਾ ਕਿ ਉਨ੍ਹਾਂ ਪ੍ਰੋਗਰਾਮਾਂ ਬਾਰੇ ਦੱਸਣ ਲਈ ਵਰਤਿਆ ਜਾਂਦਾ ਹੈ, ਜਿਹੜੇ ਸਬੂਤ ਆਧਾਰਿਤ ਤਕਨੀਕਾਂ ਨੂੰ ਸਿਖਾਉਣ ਦੇ ਹੁਨਰਾਂ ਲਈ ਅਤੇ ਸਮੱਸਿਆ ਵਾਲੇ ਵਤੀਰਿਆਂ ਨੂੰ ਘਟਾਉਣ ਲਈ ਵਰਤਦੇ ਹਨ। ABA ਸੇਵਾਵਾਂ ਨੂੰ ਕੁਝ ਕੇਸਾਂ ਵਿਚ ਫੰਡ ਰੀਜਨਲ ਸੈਂਟਰ ਵਲੋਂ ਮਿਲਦੇ ਹਨ। ਇਹ ਸੇਵਾਵਾਂ ਕਈ ਵੱਖ ਵੱਖ ਰੂਪਾਂ ਵਿਚ ਉਪਲਬਧ ਹਨ। ਇਨ੍ਹਾਂ ਵਿਚ ਸ਼ਾਮਲ ਹਨ, ਮਾਪਿਆਂ ਨੂੰ ਟਰੇਨਿੰਗ; ਵਤੀਰੇ ਵਿਚ ਦਖਲਅੰਦਾਜ਼ੀ ਦੀਆਂ ਸੇਵਾਵਾਂ (BIS); ਮੇਲਜੋਲ ਕਰਨ ਦੀ ਟਰੇਨਿੰਗ ਦੇ ਪ੍ਰੋਗਰਾਮ (SST); ਔਟਿਜ਼ਮ ਦੇ ਤੇਜ਼ ਵਤੀਰੇ ਦੇ ਅਗੇਤੇ ਇਲਾਜ ਅਤੇ ਟਰੇਨਿੰਗ (EIBTT) ਦੇ ਪ੍ਰੋਗਰਾਮ; ਆਪਣੀ ਸੰਭਾਲ ਲਈ ਹੁਨਰਾਂ ਦੀ ਟਰੇਨਿੰਗ (FST) ਦੇ ਪ੍ਰੋਗਰਾਮ; ਅਤੇ ਅਪਣਾਏ ਜਾ ਸਕਣ ਵਾਲੇ ਹੁਨਰਾਂ ਦੀ ਟਰੇਨਿੰਗ (AST) ਦੇ ਪ੍ਰੋਗਰਾਮ। ਹਰ ਇਕ ਦੇ ਵੇਰਵੇ ਲਈ ਕਿਰਪਾ ਕਰਕੇ ਅਗਲਾ ਸਫਾ ਦੇਖੋ।

ਨੋਟ: ACRC ਤੋਂ ਕਿਸੇ ਕਿਸਮ ਦੀ ਵੀ ABA ਸਰਵਿਸ ਲਈ ਫੰਡ ਮਿਲਣ ਤੋਂ ਪਹਿਲਾਂ, ਮਾਪਿਆਂ ਲਈ ਵਤੀਰੇ ਬਾਰੇ ਮਾਪੇ ਨੂੰ ਟਰੇਨਿੰਗ (BPT) ਵਿਚ ਹਿੱਸਾ ਲੈਣਾ ਜ਼ਰੂਰੀ ਹੈ। ਇਸ ਦੇ ਇਲਾਵਾ, ACRC ਦੇ ਫੰਡ ਵੈਂਡਰਡ ਸਰਵਿਸ ਦੇਣ ਵਾਲਿਆਂ ਨਾਲ ਹੀ ਦਿੱਤੇ ਜਾ ਸਕਦੇ ਹਨ, ਜੋ ਕਿ ਉਨ੍ਹਾਂ ਦੇ ਇਸ ਰੀਜਨਲ ਸੈਂਟਰ ਨਾਲ ਮੌਜੂਦਾ ਕੌਨਟਰੈਕਟ 'ਤੇ ਆਧਾਰਿਤ ਹੁੰਦੇ ਹਨ।

**ABA ਸਰਵਿਸ ਅਨੁਮਾਨਤ ਲੋੜਾਂ ਵਾਲੇ ਸਾਰੇ ਕਲਾਇੰਟਾਂ ਲਈ ਹੈ।**

## ਵਿਕਾਸ ਦੇ ਟੀਚੇ ਵਿਚ ABA ਦੀਆਂ ਦਖਲਅੰਦਾਜ਼ੀਆਂ:

**ਵਤੀਰੇ ਬਾਰੇ ਮਾਪੇ ਨੂੰ ਟਰੇਨਿੰਗ (BEHAVIOR PARENT TRAINING, BPT):** ACRC ਦੇ ਫੰਡਾਂ ਨਾਲ ਮਿਲਣ ਵਾਲੀ ਕਿਸੇ ਕਿਸਮ ਦੀ ਵੀ ABA ਸਰਵਿਸ ਲੈਣ ਲਈ BPT ਪਹਿਲੀ ਸ਼ਰਤ ਹੈ। ਟਰੇਨਿੰਗ ਵਿਚ ਮਾਪਿਆਂ ਨੂੰ ਇਕ ਗਰੁੱਪ ਦੇ ਮਾਹੌਲ ਵਿਚ, ਅਪਲਾਈਡ ਬੀਹੇਵੀਅਰ ਅਨੈਲਸਿਸ ਦੇ ਸਿਧਾਂਤਾਂ ਤੋਂ ਜਾਣੂ ਕਰਾਇਆ ਜਾਂਦਾ ਹੈ। ਟਰੇਨਿੰਗ ਵਿਚ ਵਤੀਰਿਆਂ ਬਾਰੇ ਡੈਟੇ ਦੀ ਪੈਰਵੀ ਕਰਨਾ ਅਤੇ ਡੈਟਾ ਲੈਣਾ, ਕਿਸੇ ਵਤੀਰੇ ਦਾ ਵਿਸ਼ਲੇਸ਼ਣ ਕਰਨਾ ਅਤੇ ਕਈ ਹੋਰ ਕੁਝ ਵੀ ਸ਼ਾਮਲ ਹੋਵੇਗਾ।

**ਵਤੀਰੇ ਵਿਚ ਦਖਲਅੰਦਾਜ਼ੀ ਦੀ ਸਰਵਿਸ (BEHAVIOR INTERVENTION SERVICE, BIS):** BIS ਪੂਰੀ ਤਰ੍ਹਾਂ ਸਥਾਪਤ ABA ਤਕਨੀਕਾਂ ’ਤੇ ਆਧਾਰਿਤ ਹੈ ਜੋ ਕਿ ਸਬੂਤ ਆਧਾਰਿਤ ਹਨ। ਇਹ ਸਰਵਿਸ ਥੋੜ੍ਹੇ ਸਮੇਂ ਲਈ ਹੈ ਅਤੇ ਇਸ ਦਾ ਮਕਸਦ, ਸਿਹਤ ਅਤੇ ਸੇਫਟੀ ਲਈ ਖਤਰਾ ਪੈਦਾ ਕਰ ਰਹੇ ਵਤੀਰਿਆਂ ਨੂੰ ਭਵਿੱਖ ਵਿਚ ਘਟਾਉਣਾ, ਖਤਮ ਕਰਨਾ ਜਾਂ ਰੋਕਣਾ ਹੈ। ਅਜਿਹੇ ਵਤੀਰਿਆਂ ਦੀਆਂ ਉਦਾਹਰਣਾਂ ਵਿਚ ਇਹ ਸ਼ਾਮਲ ਹਨ ਪਰ ਇਹ ਇਨ੍ਹਾਂ ਤੱਕ ਹੀ ਸੀਮਤ ਨਹੀਂ ਹਨ: ਬਹੁਤ ਜ਼ਿਆਦਾ ਚਿੜਚਿੜਾਪਨ, ਹਮਲਾਵਰ ਵਤੀਰਾ, ਆਪਣੇ ਸੱਟ ਲਾਉਣਾ ਅਤੇ ਫਰਾਰ ਹੋਣਾ। BIS ਮਾਪਿਆਂ/ਗਾਰਡੀਅਨਾਂ ਨੂੰ ਟਰੇਨਿੰਗ ਅਤੇ ਦਖਲਅੰਦਾਜ਼ੀ ਦੀਆਂ ਉਹ ਜੁਗਤਾਂ ਪ੍ਰਦਾਨ ਕਰਦੀ ਹੈ ਜਿਨ੍ਹਾਂ ਦੀ ਉਨ੍ਹਾਂ ਨੂੰ ਔਖੇ ਵਤੀਰਿਆਂ ਨੂੰ ਕੰਟਰੋਲ ਕਰਨ ਅਤੇ ਠੀਕ ਕਰਨ ਲਈ ਲੋੜ ਹੈ, ਅਤੇ ਅਜਿਹਾ ਬਦਲਵੇਂ ਹੁਨਰ ਸਿਖਾ ਕੇ ਕਰਦੀ ਹੈ। ਸੇਵਾ ਵਿਚ ਅਸੈੱਸਮੈਂਟ ਕਰਨਾ, ਅਤੇ ਇਲਾਜ ਦੀ ਪਲੈਨ ਤਿਆਰ ਕਰਨਾ ਸ਼ਾਮਲ ਹੈ, ਜੋ ਤਿੰਨ ਤੋਂ ਛੇ ਮਹੀਨਿਆਂ ਦੇ ਸਮੇਂ ਦੌਰਾਨ ਵਤੀਰੇ ਬਾਰੇ ਕਨਸਲਟੈਂਟ ਨਾਲ ਸਿੱਧੀ ਸਲਾਹ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। BIS ਸੇਵਾਵਾਂ ਦਾ ਟੀਚਾ ਬੱਚੇ ਦੇ ਵਤੀਰੇ ਵਿਚ ਉਹ ਤਬਦੀਲੀਆਂ ਲਿਆਉਣਾ ਹੈ ਜਿਹੜੀਆਂ ਮਾਪੇ ਵਤੀਰੇ ਦੀ ਪਲੈਨ ਦੀ ਵਰਤੋਂ ਰਾਹੀਂ ਅਣਮਿੱਥੇ ਸਮੇਂ ਲਈ ਕਾਇਮ ਰੱਖਣ ਦੇ ਯੋਗ ਹਨ।

**ਅਪਣਾਏ ਜਾ ਸਕਣ ਵਾਲੇ ਹੁਨਰਾਂ ਦੀ ਟਰੇਨਿੰਗ (ADAPTIVE SKILLS TRAINING, AST):** AST ਕਲਾਇੰਟ ਦੀ ਰੋਜ਼ਾਨਾ ਜ਼ਿੰਦਗੀ ਦੀਆਂ ਮੰਗਾਂ ਪੂਰੀਆਂ ਕਰਨ ਲਈ ਸਵੈ-ਨਿਰਭਰਤਾ ਦੀ ਸਮਰੱਥਾ ਵਿਚ ਸੁਧਾਰ ਕਰਦੀ ਹੈ ਅਤੇ ABA ਦੇ ਸਿਧਾਂਤਾਂ ’ਤੇ ਆਧਾਰਿਤ ਦਖਲਅੰਦਾਜ਼ੀ ਦੀਆਂ ਸਬੂਤ-ਆਧਾਰਿਤ ਤਕਨੀਕਾਂ ਲਾਗੂ ਕਰਦੀ ਹੈ। ਇਹ ਸਲਾਹ-ਮਸ਼ਵਰੇ ਦੀ ਇਕ ਸਮਾਂਬੱਧ ਸਰਵਿਸ ਹੈ ਜਿਸ ਵਿਚ ਬਹੁਤ ਸਾਰਾ ਜ਼ੋਰ ਮਾਪੇ ਦੀ ਟਰੇਨਿੰਗ ’ਤੇ ਦਿੱਤਾ ਜਾਂਦਾ ਹੈ। AST ਪ੍ਰੋਗਰਾਮ ਅਪਣਾਏ ਜਾ ਸਕਣ ਵਾਲੇ ਹੁਨਰਾਂ ਨੂੰ ਨਿਸ਼ਾਨਾ ਬਣਾਉਣ ਲਈ ਤਿਆਰ ਕੀਤੇ ਗਏ ਹਨ ਅਤੇ ਅਜਿਹਾ ਕਲਾਇੰਟ ਦੇ ਮਾਪਿਆਂ/ਗਾਰਡੀਅਨਾਂ ਨੂੰ ਇਹ ਟਰੇਨਿੰਗ ਦੇ ਕੇ ਕੀਤਾ ਜਾਂਦਾ ਹੈ ਕਿ ਅਸਰਦਾਰ ਤਰੀਕੇ ਨਾਲ ਹੁਨਰਾਂ ਦਾ ਅਨੁਮਾਨ ਕਿਵੇਂ ਲਾਉਣਾ ਹੈ, ਅਤੇ ਇਹ ਕਿਵੇਂ ਸਿਖਾਉਣੇ ਅਤੇ ਵਰਤੋਂ ਵਿਚ ਲਿਆਉਣੇ ਹਨ। AST ਪ੍ਰੋਗਰਾਮ ਵਿਚ ਆਮ ਚੁਣੇ ਜਾਣ ਵਾਲੇ ਹੁਨਰਾਂ ਦੀਆਂ ਉਦਾਹਰਣਾਂ ਵਿਚ ਸ਼ਾਮਲ ਹਨ: ਸਵੈ-ਸੰਭਾਲ, ਗੱਲਬਾਤ, ਰੋਜ਼ਾਨਾ ਰਹਿਣੀ-ਬਹਿਣੀ ਅਤੇ ਸੇਫਟੀ ਬਾਰੇ ਜਾਗਰੂਕਤਾ। ਟੀਚਿਆਂ ਦੀ ਜਟਿਲਤਾ, ਕਲਾਇੰਟ ਦੀ ਬੌਧਿਕ ਸਮਰੱਥਾ ਅਤੇ ਮਾਪੇ/ਗਾਰਡੀਅਨ ਦੀ ਸ਼ਮੂਲੀਅਤ ਦੇ ਪੱਧਰ ਮੁਤਾਬਕ ਚੁਣੇ ਜਾਣ ਵਾਲੇ ਹੁਨਰਾਂ ਦੀ ਗਿਣਤੀ ਅਤੇ ਕਿਸਮ ਵਿਚ ਕੁਝ ਫਰਕ ਹੋ ਸਕਦਾ ਹੈ। ਸੇਵਾਵਾਂ ਵਿਚ ਅਸੈੱਸਮੈਂਟ ਕਰਨਾ, ਅਤੇ ਇਲਾਜ ਦੀ ਪਲੈਨ ਤਿਆਰ ਕਰਨਾ ਸ਼ਾਮਲ ਹੈ, ਜੋ ਤਿੰਨ ਤੋਂ ਛੇ ਮਹੀਨਿਆਂ ਦੇ ਸਮੇਂ ਦੌਰਾਨ ਵਤੀਰੇ ਬਾਰੇ ਕਨਸਲਟੈਂਟ ਨਾਲ ਸਿੱਧੀ ਸਲਾਹ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। AST ਸੇਵਾਵਾਂ ਦਾ ਟੀਚਾ, ਸਰਵਿਸ ਦੇਣ ਦੇ ਸਮੇਂ ਦੌਰਾਨ ਲਾਗੂ ਕੀਤੀਆਂ ਜਾਣ ਵਾਲੀਆਂ ਜੁਗਤਾਂ ਦੀ ਵਰਤੋਂ ਰਾਹੀਂ ਲਗਾਤਾਰ, ਮਾਪੇ/ਸੰਭਾਲ ਕਰਨ ਵਾਲੇ ਦੇ ਅਜਿਹੇ ਹੁਨਰ ਵਿਕਸਤ ਕਰਨਾ ਹੈ ਜਿਹੜੇ ਉਨ੍ਹਾਂ ਦੇ ਬੱਚੇ ਦੀ ਹੁਨਰ ਸਿੱਖਣ ਵਿਚ ਮਦਦ ਕਰਨ।

*ਡਬਲਯੂ ਐਂਡ ਆਈ ਕੋਡ §4512(b), 4643(b), 4646(a), 4646.4(a), 4647(a), 4648(a) (7-8), 4648(a)(16), 4648.4, 4685 (c)(3)(B)(i), 4686.2, 4851(q) (4), 4659(a) & (c)*

## ਵਿਕਾਸ ਦੇ ਟੀਚੇ ਵਿਚ ABA ਦੀਆਂ ਦਖਲਅੰਦਾਜ਼ੀਆਂ:

**ਮੇਲਜੋਲ ਕਰਨ ਦੀ ਟਰੇਨਿੰਗ (SOCIALIZATION TRAINING, SST):**

SST ਵਤੀਰੇ ਨਾਲ ਸੰਬੰਧਿਤ ਇਕ ਸਰਵਿਸ ਹੈ ਜੋ ਕਿ ਆਪਸੀ ਸੰਬੰਧਾਂ ਅਤੇ ਗੱਲਬਾਤ ਦੇ ਹੁਨਰਾਂ ਦੇ ਵਿਕਾਸ ਨੂੰ ਉਤਸ਼ਾਹ ਦਿੰਦੀ ਹੈ ਜੋ ਕਿ ਘਰ, ਕਮਿਉਨਟੀ ਅਤੇ ਸਾਥੀਆਂ ਦੇ ਗਰੁੱਪ ਦੇ ਮਾਹੌਲ ਵਿਚ ਕਾਮਯਾਬੀ ਨਾਲ ਮੇਲਜੋਲ ਕਰਨ ਲਈ ਜ਼ਰੂਰੀ ਹਨ। ਇਸ ਸਰਵਿਸ ਦਾ ਉਦੇਸ਼ ਅਜਿਹੀਆਂ ਜ਼ਰੂਰੀ ਮੁਢਲੀਆਂ ਚੀਜ਼ਾਂ ਸਿਖਾਉਣਾ ਹੈ ਜਿਹੜੀਆਂ ਰਲ ਕੇ ਸਮਾਜਿਕ ਹੁਨਰ ਬਣਦੀਆਂ ਹਨ। ਇਨ੍ਹਾਂ ਵਿੱਚੋਂ ਕੁਝ ਹੁਨਰਾਂ ਵਿਚ, ਅੱਖਾਂ ਨਾਲ ਅੱਖਾਂ ਮੇਲਣਾ, ਸੁਣਨਾ, ਸਾਂਝਾ ਕਰਨਾ, ਵਾਰੀ ਲੈਣਾ, ਹੈਲੋ ਕਹਿਣਾ, ਚਿਹਰੇ ਦੇ ਹਾਵਾਂ-ਭਾਵਾਂ ਦਾ ਅਰਥ ਕੱਢਣਾ, ਦੋਸਤ ਬਣਾਉਣਾ, ਗੱਲਬਾਤ ਸ਼ੁਰੂ ਕਰਨਾ ਅਤੇ ਕਾਇਮ ਰੱਖਣਾ, ਸਵੈ-ਹਿਮਾਇਤ ਅਤੇ ਹੋਰਨਾਂ ਨਾਲ ਸਹਿਯੋਗ ਵਾਲੀ ਅਤੇ ਅਰਥ ਰੱਖਦੀ ਗੱਲਬਾਤ ਕਰਨਾ ਸ਼ਾਮਲ ਹਨ ਪਰ ਇਹ ਇਨ੍ਹਾਂ ਤੱਕ ਹੀ ਸੀਮਤ ਨਹੀਂ ਹਨ। ਇਹ ਜ਼ਰੂਰੀ ਹੁਨਰ ਵਿਕਸਤ ਕਰਨ ਨਾਲ ਕਿਸੇ ਵਿਅਕਤੀ ਦੀਆਂ ਸੰਭਾਵਨਾਵਾਂ ਵਧ ਸਕਦੀਆਂ ਹਨ ਅਤੇ ਆਪਣੀ ਕਮਿਉਨਟੀ ਵਿਚ ਕਾਮਯਾਬ ਮਿਲਾਪ ਦੀ ਸੰਭਾਵਨਾ ਵਧ ਜਾਂਦੀ ਹੈ। ਸਿੱਖਿਆ, ਸਮਾਜਿਕ/ਖੇਡਣ ਦੀਆਂ ਸਰਗਰਮੀਆਂ ਅਤੇ ਸਮਾਜਿਕ ਗੱਲਬਾਤ ਦੇ ਹੁਨਰਾਂ ਦੀ ਸਿੱਧੀ ਸਿੱਖਿਆ ਰਾਹੀਂ ਦਿੱਤੀ ਜਾਂਦੀ ਹੈ ਜੋ ਕਿ ਕਾਮਯਾਬ ਸਮਾਜਿਕ ਮੇਲਜੋਲ ਲਈ ਲੋੜੀਂਦੇ ਹੁੰਦੇ ਹਨ। SST ਇਕ ਥੋੜ੍ਹੇ ਸਮੇਂ ਦੀ ਸਬੂਤ ਆਧਾਰਿਤ ਸਰਵਿਸ ਹੈ ਜੋ ਕਿ ਸੀਮਤ ਸਮੇਂ ਲਈ ਸਿੱਖਿਆ ਦੇ ਉਦੇਸ਼ਾਂ 'ਤੇ ਕੇਂਦਰਿਤ ਹੁੰਦੀ ਹੈ ਜੋ ਕਿ ਆਮ ਤੌਰ 'ਤੇ ਛੋਟੇ ਗਰੁੱਪਾਂ ਵਿਚ ਦਿੱਤੀ ਜਾਂਦੀ ਹੈ (2-8 ਕਲਾਇੰਟਸ)। ਗਰੁੱਪ ਦੇ ਮੈਂਬਰ ਉਮਰ, ਲੱਛਣਾਂ ਅਤੇ ਟੀਚਿਆਂ ਵਿਚ ਇੱਕੋ ਜਿਹੇ ਹੋਣੇ ਚਾਹੀਦੇ ਹਨ। ਸਮਾਜਿਕ ਸਿੱਖਿਆ ਨੂੰ ਉਤਸ਼ਾਹ ਦੇਣ ਲਈ ਗਰੁੱਪ ਸਿੱਧੀ ਸਿੱਖਿਆ, ਰੋਲ-ਨਿਭਾਉਣ, ਅਭਿਆਸ ਅਤੇ ਹੋਰ ਸਬੂਤ ਆਧਾਰਿਤ ਪ੍ਰੈਕਟਿਸਾਂ ਦੀ ਵਰਤੋਂ ਕਰਦੇ ਹਨ। ਸਮਾਜਿਕ ਹੁਨਰਾਂ ਦੀ ਟਰੇਨਿੰਗ ਦੇ ਪ੍ਰੋਗਰਾਮਾਂ ਦੇ ਕਾਮਯਾਬ ਹੋਣ ਲਈ ਮਾਪੇ ਦੀ ਸ਼ਮੂਲੀਅਤ ਦੀ ਲੋੜ ਹੈ।

*ਡਬਲਯੂ ਐਂਡ ਆਈ ਕੋਡ §4512(b), 4643(b), 4646(a), 4646.4(a), 4647(a), 4648(a)(7-8), 4648(a)(16), 4648.4, 4685 (c)(3)(B)(i), 4686.2, 4851(q)(4), 4659(a) & (c)*



## ਅਗੇਤੇ ਔਟਿਜ਼ਮ ਦੇ ਇਲਾਜ (EAT)
## ਦੀ ਟਰੇਨਿੰਗ ਦੇ ਪ੍ਰੋਗਰਾਮ

ACRC ਔਟਿਜ਼ਮ ਸਪੈਕਟਰੱਮ ਡਿਸਔਰਡਰ (ASD) ਵਾਲੇ ਬੱਚਿਆਂ ਲਈ ਅਗੇਤੀ ਅਤੇ ਸਮੇਂ ਸਿਰ ਜਾਂਚ, ਰੋਗ ਦੀ ਪਛਾਣ, ਅਸੈੱਸਮੈਂਟ ਅਤੇ ਦਖਲਅੰਦਾਜ਼ੀ ਦੀ ਪਲੈਨਿੰਗ ਦੀ ਮਹੱਤਤਾ ਨੂੰ ਸਮਝਦਾ ਹੈ। ACRC ਦਖਲਅੰਦਾਜ਼ੀ ਦੀਆਂ ਅਜਿਹੀਆਂ ਸੇਵਾਵਾਂ ਖਰੀਦੇਗਾ ਜਿਹੜੀਆਂ ਸਬੂਤ-ਆਧਾਰਿਤ, ਮਾਹਰਾਂ ਵਲੋਂ ਪੜਚੋਲ ਕੀਤੀ ਗਈ ਖੋਜ 'ਤੇ ਆਧਾਰਿਤ ਹਨ। ਬਿਹਤਰ ਪ੍ਰੈਕਟਿਸ ਇਹ ਇਸ਼ਾਰਾ ਕਰਦੀ ਹੈ ਕਿ ਇਹ ਸੇਵਾਵਾਂ ASD ਵਾਲੇ ਬੱਚੇ ਅਤੇ ਉਸ ਦੇ ਪਰਿਵਾਰ ਲਈ ਜ਼ਿੰਦਗੀ ਦੀ ਕੁਆਲਟੀ ਵਿਚ ਸੁਧਾਰ ਦਾ ਸਭ ਤੋਂ ਵਧੀਆ ਮੌਕਾ ਪ੍ਰਦਾਨ ਕਰਦੀਆਂ ਹਨ। ਦਖਲਅੰਦਾਜ਼ੀ ਦੀਆਂ ਸੇਵਾਵਾਂ ਨੂੰ ਆਮ ਤੌਰ 'ਤੇ EIBTT, ਸੈਂਟਰ-ਆਧਾਰਿਤ EIBTT, ਜਾਂ FST ਆਖਿਆ ਜਾਂਦਾ ਹੈ (ਹੇਠਾਂ ਬਿਆਨ ਕੀਤਾ ਗਿਆ ਹੈ)। ਨਿੱਜੀ ਪ੍ਰੋਗਰਾਮ ਪਲੈਨ ਰਾਹੀਂ ACRC ਵਲੋਂ ਖਰੀਦੀਆਂ ਗਈਆਂ ਦਖਲਅੰਦਾਜ਼ੀ ਦੀਆਂ ਸੇਵਾਵਾਂ ਇਹ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ:

- ਬੱਚੇ ਦੀ ਨਿੱਜੀ ਆਜ਼ਾਦੀ ਅਤੇ ਸਮਾਜਿਕ ਮੇਲਜੋਲ ਨੂੰ ਵੱਧ ਤੋਂ ਵੱਧ ਕਰਨ ਲਈ
- ਅਜਿਹੇ ਨਤੀਜੇ ਪ੍ਰਦਾਨ ਕਰਨ ਲਈ ਜਿਹੜੇ ਨਿਸ਼ਚਿਤ ਅਤੇ ਸੰਤੁਲਿਤ ਹੋਣ ਅਤੇ ਪ੍ਰੋਗਰਾਮ ਦੇ ਅਸਰ ਨੂੰ ਯਕੀਨੀ ਬਣਾਉਣ
- ਟਰੇਂਡ ਅਮਲੇ ਵਲੋਂ ਪ੍ਰਦਾਨ ਕਰਨ ਲਈ
- ਘੱਟ ਤੋਂ ਘੱਟ ਬੰਦਸ਼ਾਂ ਵਾਲੇ ਮਾਹੌਲ ਵਿਚ ਦੇਣ ਲਈ
- ਸੌਖ ਨੂੰ ਉਤਸ਼ਾਹ ਦੇਣ ਲਈ ਮਾਪਿਆਂ ਦੇ ਹੁਨਰ ਵਧਾਉਣ ਲਈ
- ਕਿਫਾਇਤੀ ਹੋਣ ਲਈ

EAT ਪ੍ਰੋਗਰਾਮ, ਵਤੀਰੇ ਬਾਰੇ ਯੋਗਤਾ ਪ੍ਰਾਪਤ ਸਪੈਸ਼ਲਿਸਟਾਂ ਦੀ ਨਿਗਰਾਨੀ ਹੇਠ, ਸਟਾਫ ਦੇ ਕਈ ਪੱਧਰਾਂ ਦੀ ਵਰਤੋਂ ਕਰ ਸਕਦੇ ਹਨ ਪਰ ਇਸ ਵਿਚ ਔਟਿਜ਼ਮ ਬਾਰੇ ਚੰਗੀ ਤਰ੍ਹਾਂ ਟਰੇਂਡ ਅਤੇ ਗਿਆਨਵਾਨ ਸਟਾਫ ਹੋਣਾ ਜ਼ਰੂਰੀ ਹੈ। ਇਹ ਵਿਸਤ੍ਰਿਤ ਸੇਵਾਵਾਂ ਬਹੁਤ ਚੰਗੀ ਤਰ੍ਹਾਂ ਨਿਯਮਬੱਧ ਕੀਤੀਆਂ ਹੁੰਦੀਆਂ ਹਨ। ਇਹ ਰੋਜ਼ਮਰਾ ਦੇ ਅਨੁਮਾਨ ਲਾਉਣ ਯੋਗ ਨੇਮ ਹਨ ਜੋ ਵਿਕਾਸ ਦੇ ਵੱਖ ਵੱਖ ਖੇਤਰਾਂ ਲਈ ਹੁਨਰ ਸਿਖਾਉਣ ਅਤੇ ਦਖਲਅੰਦਾਜ਼ੀ ਵਾਲੇ ਵਤੀਰਿਆਂ ਨੂੰ ਘਟਾਉਣ 'ਤੇ ਕੇਂਦਰਿਤ ਹੁੰਦੇ ਹਨ। ਮਾਪਿਆਂ ਤੋਂ ਆਪਣੇ ਬੱਚੇ ਲਈ ਦਖਲ ਵਿਚ ਸਰਗਰਮ ਸ਼ਮੂਲੀਅਤ ਦੀ ਮੰਗ ਕੀਤੀ ਜਾਂਦੀ ਹੈ ਤਾਂ ਜੋ ਬਹੁਭਾਂਤੀ ਮਾਹੌਲਾਂ ਵਿਚ ਹੁਨਰਾਂ ਨੂੰ ਸੁਖਾਲਾ ਕੀਤਾ ਜਾ ਸਕੇ ਅਤੇ ਕਾਇਮ ਰੱਖਿਆ ਜਾ ਸਕੇ। EAT ਦੇ ਪ੍ਰੋਗਰਾਮ ਆਮ ਤੌਰ 'ਤੇ ਬਹੁਤ ਜ਼ਿਆਦਾ ਬੰਦਸ਼ਾਂ ਵਾਲੇ ਅਤੇ ਕੰਟਰੋਲ ਕਰਨ ਵਾਲੀਆਂ ਦਖਲਅੰਦਾਜ਼ੀਆਂ ਵਾਲੇ ਹੁੰਦੇ ਹਨ ਜਿਨ੍ਹਾਂ ਦਾ ਟੀਚਾ ਬੱਚੇ ਨੂੰ ਤੇਜ਼ੀ ਨਾਲ ਘੱਟ ਬੰਦਸ਼ਾਂ ਵਾਲੇ ਮਾਹੌਲ ਵਿਚ ਪਾਉਣਾ ਹੁੰਦਾ ਹੈ। *ਕਿਸਮਾਂ ਲਈ ਅਗਲਾ ਸਫਾ ਦੇਖੋ:

**EIBTT:** ਅਗੇਤੀ ਦਖਲਅੰਦਾਜ਼ੀ ਅਤੇ ਵਤੀਰੇ ਦਾ ਇਲਾਜ ਅਤੇ ਟਰੇਨਿੰਗ (Early Intervention and Behavior Treatment and Training, EIBTT) ਕਿਸੇ ਬੱਚੇ ਦੇ ਰੋਗ ਦੀ ਪਛਾਣ ਹੋਣ 'ਤੇ ਮੁਢਲੀਆਂ ਸੇਵਾਵਾਂ ਲਈ ਵਰਤੇ ਜਾਂਦੇ ਸ਼ਬਦ ਹਨ। ਪ੍ਰੋਗਰਾਮ ਆਮ ਤੌਰ 'ਤੇ 2 ਤੋਂ 6 ਸਾਲ ਦੀ ਉਮਰ ਤੱਕ ਚੱਲਦੇ ਹਨ, ਅਤੇ ਬੱਚੇ ਦੇ ਸਕੂਲ ਦੇ ਘੰਟੇ ਵਧਣ ਨਾਲ ਸਰਵਿਸ ਦੇ ਘੰਟੇ ਘਟਦੇ ਜਾਂਦੇ ਹਨ। ਇਹ ਪ੍ਰੋਗਰਾਮ ਘਰ ਵਿਚ ਦਿੱਤੇ ਜਾਂਦੇ ਹਨ ਅਤੇ ਉਨ੍ਹਾਂ ਏਜੰਸੀਆਂ ਵਲੋਂ ਚਲਾਏ ਜਾਂਦੇ ਹਨ ਜਿਹੜੀਆਂ ਔਟਿਜ਼ਮ ਦੇ ਅਗੇਤੇ ਇਲਾਜ ਵਿਚ ਮੁਹਾਰਤ ਰੱਖਦੀਆਂ ਹਨ ਅਤੇ ਬਹੁਤ ਹੀ ਟਰੇਂਡ ਸਟਾਫ ਦੀ ਵਰਤੋਂ ਕਰਦੀਆਂ ਹਨ। ਬੱਚੇ ਦੀ ਨਿੱਜੀ ਪਲੈਨ ਲਈ ਪ੍ਰੋਗਰਾਮ ਦੇ ਘੰਟੇ ਬਹੁਤ ਜ਼ਿਆਦਾ ਹੁੰਦੇ ਹਨ ਜੋ ਕਿ ਹਫਤੇ ਦੇ 40 ਘੰਟਿਆਂ ਤੱਕ ਹੋ ਸਕਦੇ ਹਨ (ਇਸ ਵਿੱਚੋਂ ਉਹ ਘੰਟੇ ਘਟਾ ਦਿੱਤੇ ਜਾਂਦੇ ਹਨ ਜਿਹੜੇ 3 ਸਾਲ ਦੀ ਉਮਰ ਵਿਚ ਬੱਚਾ ਸਕੂਲ ਵਿਚ ਬਿਤਾਉਣੇ ਸ਼ੁਰੂ ਕਰ ਦਿੰਦਾ ਹੈ)। ਪ੍ਰੋਗਰਾਮ ਵਿਕਾਸ ਦੇ ਵੱਖ ਵੱਖ ਖੇਤਰਾਂ ਲਈ ਵੱਡੇ ਟੀਚੇ ਸ਼ਾਮਲ ਕਰਦਾ ਹੈ ਅਤੇ ਬੱਚੇ ਨੂੰ ਸਕੂਲ ਲਈ ਤਿਆਰ ਕਰਨ ਵੱਲ ਕੰਮ ਕਰਦਾ ਹੈ। ਟੀਚਿਆਂ ਵਿਚ ਸਵੈ-ਸੰਭਾਲ, ਸੇਫਟੀ ਦੇ ਹੁਨਰ, ਸਰਗਰਮੀਆਂ ਵਿਚਕਾਰ ਤਬਦੀਲੀ ਦੀ ਸਮਰੱਥਾ ਦਾ ਵਿਕਾਸ, ਧਿਆਨ ਦੇਣ ਦੇ ਸਮੇਂ ਵਿਚ ਵਾਧਾ (ਤਾਂ ਜੋ ਬੱਚਾ ਕਲਾਸਰੂਮ ਦੇ ਮਾਹੌਲ ਵਿਚ ਸਹੀ ਤਰ੍ਹਾਂ ਬੈਠਣ ਦੇ ਯੋਗ ਹੋਵੇ) ਅਤੇ ਗਲਤ ਵਤੀਰਿਆਂ ਨੂੰ ਘਟਾਉਣਾ ਸ਼ਾਮਲ ਹੋ ਸਕਦੇ ਹਨ ਜਿਹੜੇ ਕਿ ਕਲਾਸ ਅਤੇ ਬੱਚੇ ਦੀ ਪੜ੍ਹਾਈ ਵਿਚ ਵਿਘਨ ਦਾ ਕਾਰਨ ਬਣ ਸਕਦੇ ਹੋਣ।

**ਸੈਂਟਰ-ਆਧਾਰਿਤ EIBTT:** ਸੈਂਟਰ-ਆਧਾਰਿਤ EIBTT ਦੀ ਪ੍ਰੀਭਾਸ਼ਾ ਅਤੇ ਖਿਆਲ ਉੱਪਰ ਦੱਸੇ ਗਏ EIBTT ਵਾਂਗ ਹੀ ਹਨ। ਵੱਡਾ ਫਰਕ ਸਿਰਫ ਇਹ ਹੈ ਕਿ ਇਹ ਸੇਵਾਵਾਂ ਬੱਚੇ ਦੇ ਘਰ ਦੀ ਬਜਾਏ ਸੈਂਟਰ ਵਿਚ ਦਿੱਤੀਆਂ ਜਾਂਦੀਆਂ ਹਨ। ਬੱਚੇ ਲਈ ਰੋਜ਼ ਦਾ ਇਕਸਾਰ ਨੇਮ ਯਕੀਨੀ ਬਣਾਉਣ ਲਈ ਮਾਪੇ ਨੂੰ ਟਰੇਨਿੰਗ ਸਰਵਿਸ ਦਾ ਇਕ ਮਹੱਤਵਪੂਰਨ ਹਿੱਸਾ ਰਹਿੰਦੀ ਹੈ।

**FST:** ਆਪਣੀ ਸੰਭਾਲ ਲਈ ਹੁਨਰਾਂ ਦੀ ਟਰੇਨਿੰਗ (Functional Skills Training, FST) ਦੇ ਪ੍ਰੋਗਰਾਮ ਘਰ-ਆਧਾਰਿਤ ਪ੍ਰੋਗਰਾਮ ਹਨ ਜੋ ਕਿ ਮੁੱਖ ਤੌਰ 'ਤੇ ਰਹਿਣੀ-ਬਹਿਣੀ ਦੇ ਹੁਨਰਾਂ ਵੱਲ ਧਿਆਨ ਦਿੰਦੇ ਹਨ। ਇਸ ਵਿਚ ਗੱਲਬਾਤ ਕਰਨਾ, ਸੇਫਟੀ ਅਤੇ ਸਵੈ-ਸੰਭਾਲ ਦੇ ਹੁਨਰ ਸ਼ਾਮਲ ਹਨ। ਬੱਚੇ ਇਸ ਕਿਸਮ ਦੇ ਪ੍ਰੋਗਰਾਮ ਅਕਸਰ 5 ਸਾਲ ਦੀ ਉਮਰ ਤੋਂ ਬਾਅਦ ਸ਼ੁਰੂ ਕਰਦੇ ਹਨ, ਜੇ ਇਨ੍ਹਾਂ ਖੇਤਰਾਂ ਵਿਚ ਸਿੱਖਿਆ ਦੀ ਲਗਾਤਾਰ ਲੋੜ ਹੋਵੇ। ਬੱਚੇ ਦੇ ਇਸ ਸਮੇਂ ਸਕੂਲ ਵਿਚਲੀਆਂ ਸੇਵਾਵਾਂ ਵਿਚ ਦਾਖਲ ਹੋਣ ਕਰਕੇ ਇਹ ਸਰਵਿਸ ਘੱਟ ਵਿਸਤ੍ਰਿਤ ਹੁੰਦੀ ਹੈ, ਪਰ ਟਰੇਨਿੰਗ ਅਤੇ ਖਿਆਲ ਜ਼ਿਆਦਾ ਹੁਨਰਾਂ, ਸੇਫਟੀ, ਸਵੈ-ਸੰਭਾਲ ਅਤੇ ਵਤੀਰੇ ਨਾਲ ਸੰਬੰਧਿਤ ਫਿਕਰਾਂ 'ਤੇ ਕੇਂਦਰਿਤ ਰਹਿੰਦੇ ਹਨ।

*ਡਬਲਯੂ ਐਂਡ ਆਈ ਕੋਡ §4512(b), 4643(b), 4646(a), 4646.4(a), 4647(a), 4648(a)(7-8), 4648(a)(16), 4648.4, 4685 (c)(3)(B)(i), 4686.2, 4851(q)4), 4659(a)&(c)*

## ਹੋਰ ਸੇਵਾਵਾਂ

*ਇਹ ਰੀਜਨਲ ਸੈਂਟਰ ਦੇ ਫੰਡਾਂ ਨਾਲ ਮਿਲਣ ਵਾਲੀਆਂ ਸਾਰੀਆਂ ਸੇਵਾਵਾਂ ਦੀ ਲਿਸਟ ਨਹੀਂ ਹੈ, ਪਰ ਇਸ ਵਿਚ ਆਮ ਵਰਤੀਆਂ ਜਾਂਦੀਆਂ ਸੇਵਾਵਾਂ ਸ਼ਾਮਲ ਹਨ।*

**ਘਰ ਵਿਚ ਆਰਾਮ ਦਿਵਾਉਣਾ:**

ਆਰਾਮ ਦਿਵਾਉਣ ਦੀਆਂ ਸੇਵਾਵਾਂ, ਮਾਪਿਆਂ ਨੂੰ ਆਪਣੇ ਬੱਚੇ ਦੀ ਸੰਭਾਲ ਦੀਆਂ ਲੋੜਾਂ ਤੋਂ ਆਰਾਮ ਦਿਵਾਉਣ ਲਈ ਤਿਆਰ ਕੀਤੀਆਂ ਗਈਆਂ ਹਨ। ਆਰਾਮ ਦਿਵਾਉਣ ਦੀਆਂ ਸੇਵਾਵਾਂ ਦੀ ਅਸੈੱਸਮੈਂਟ ਤੁਹਾਡੇ ਬੱਚੇ ਦੀ ਲੋੜ 'ਤੇ ਆਧਾਰਿਤ ਹੁੰਦੀ ਹੈ ਜੋ ਕਿ ਉਸ ਦੀ ਉਮਰ ਦੇ ਕਿਸੇ ਆਮ ਬੱਚੇ ਦੇ ਵਿਕਾਸ ਅਤੇ ਯੋਗ ਡਿਸਏਬਿਲਟੀ ਨਾਲ ਤੁਲਨਾ ਕਰਕੇ ਕੀਤੀ ਜਾਂਦੀ ਹੈ। ਇਹ ਡੇਅ ਕੇਅਰ ਜਾਂ ਆਮ ਬੇਬੀਸਿਟਿੰਗ ਲਈ ਵਰਤੇ ਜਾਣ ਲਈ ਨਹੀਂ ਹੈ, ਸਗੋਂ ਥੋੜ੍ਹੇ ਸਮੇਂ ਦੀ ਬਰੇਕ ਵਜੋਂ ਹੈ ਜਿਹੜੀ ਮਾਪੇ ਨੂੰ ਆਪਣੇ ਆਪ ਵਿਚ ਮੁੜ ਤਾਜ਼ਾ ਦਮ ਹੋਣ ਅਤੇ ਆਪਣੇ ਬੱਚੇ ਦੀ ਸੰਭਾਲ ਕਰਨ 'ਤੇ ਵਾਪਸ ਆਉਣ ਦੇ ਯੋਗ ਬਣਾਉਂਦੀ ਹੈ। ਜੇ ਲੋੜ ਦਾ ਪਤਾ ਲੱਗਦਾ ਹੈ ਤਾਂ ACRC ਤਿਮਾਹੀ ਆਧਾਰ 'ਤੇ ਆਰਾਮ ਦਿਵਾਉਣ ਦੀਆਂ ਸੇਵਾਵਾਂ ਦਿੱਤੇ ਜਾਣ ਲਈ ਖਰਚਾ ਦੇਵੇਗਾ। ਹਰ ਪਰਿਵਾਰ ਲਈ ਆਰਾਮ ਦਿਵਾਉਣ ਦੇ ਅੰਦਾਜ਼ਨ ਘੰਟੇ ਉਸ ਪਰਿਵਾਰ ਦੀ ਅਨੁਮਾਨ ਲਾਈ ਗਈ ਲੋੜ 'ਤੇ ਆਧਾਰਿਤ ਹੁੰਦੇ ਹਨ ਅਤੇ ਇਹ ਬੱਚੇ ਦੀ ਸੰਭਾਲ ਦੀਆਂ ਲੋੜਾਂ, ਵਤੀਰੇ, ਅਤੇ ਪਰਿਵਾਰ ਅਤੇ ਪਰਿਵਾਰ ਦੇ ਸਟਰੈੱਸ ਦੇ ਪੱਧਰ ਲਈ ਉਪਲਬਧ ਆਮ ਵਸੀਲਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਦਿੱਤੇ ਜਾਂਦੇ ਹਨ। ਆਰਾਮ ਅੱਗੇ ਦੱਸੇ ਮੁਤਾਬਕ ਤਿੰਨ ਰੂਪਾਂ ਵਿਚ ਦਿਵਾਇਆ ਜਾਂਦਾ ਹੈ।

1. **ਏਜੰਸੀ ਵਲੋਂ ਆਰਾਮ ਦਿਵਾਉਣਾ:** ਆਰਾਮ ਦਿਵਾਉਣ ਵਾਲੀਆਂ ਏਜੰਸੀਆਂ (Respite agencies) ਤੁਹਾਡੇ ਬੱਚੇ ਦੀ ਸੰਭਾਲ ਲਈ ਆਰਾਮ ਦਿਵਾਉਣ ਵਾਲੇ ਵਰਕਰਾਂ ਨੂੰ ਉਦੋਂ ਤੁਹਾਡੇ ਘਰ ਭੇਜਦੀਆਂ ਹਨ ਜਦੋਂ ਤੁਸੀਂ ਉੱਥੇ ਨਹੀਂ ਹੋ ਸਕਦੇ। ਤੁਸੀਂ ਭੇਜੇ ਗਏ ਆਰਾਮ ਦਿਵਾਉਣ ਵਾਲੇ ਵਰਕਰਾਂ ਦੀ ਇੰਟਰਵਿਊ ਕਰੋਗੇ ਅਤੇ ਉਨ੍ਹਾਂ ਦੀ ਚੋਣ ਕਰੋਗੇ ਜਿਸ ਬਾਰੇ ਤੁਸੀਂ ਆਪਣੇ ਬੱਚੇ ਦੀ ਸੰਭਾਲ ਲਈ ਆਰਾਮਦੇਹ ਮਹਿਸੂਸ ਕਰਦੇ ਹੋਵੋ। ਫਿਰ ਤੁਸੀਂ ਲੋੜ ਮੁਤਾਬਕ ਉਸ ਚੁਣੇ ਗਏ ਵਰਕਰ ਵਲੋਂ ਆਰਾਮ ਦਿਵਾਉਣ ਦੇ ਸਮਿਆਂ ਦੀ ਸੂਚੀ ਬਣਾਉਣਗੇ। ACRC ਆਰਾਮ ਦਿਵਾਉਣ ਵਾਲੀ ਏਜੰਸੀ ਨੂੰ ਫੰਡ ਦੇਵੇਗਾ ਅਤੇ ਆਰਾਮ ਦਿਵਾਉਣ ਵਾਲੀ ਏਜੰਸੀ, ਆਰਾਮ ਦਿਵਾਉਣ ਵਾਲੇ ਵਰਕਰ ਨੂੰ ਤਨਖਾਹ ਦੇਵੇਗੀ। ਏਜੰਸੀ ਨੂੰ ਆਰਾਮ ਦਿਵਾਉਣ ਦੀਆਂ ਸੇਵਾਵਾਂ ਦੇਣ ਦਾ ਠੇਕਾ ਦਿੱਤਾ ਗਿਆ ਹੁੰਦਾ ਹੈ।
2. **ਇਮਪਲੌਏਅਰ ਔਫ ਰਿਕਾਰਡ ਵਲੋਂ ਆਰਾਮ ਦਿਵਾਉਣਾ:** ਜੇ ਤੁਹਾਡੇ ਕੋਲ ਕੋਈ ਹੈ ਜਿਸ 'ਤੇ ਤੁਸੀਂ ਆਪਣੇ ਬੱਚੇ ਦੀ ਸੰਭਾਲ ਲਈ ਪਹਿਲਾਂ ਹੀ ਭਰੋਸਾ ਕਰਦੇ ਹੋ ਤਾਂ ਫਿਰ ਇਹ ਵਿਅਕਤੀ ਇਮਪਲੌਏਅਰ ਔਫ ਰਿਕਾਰਡ (EOR) ਆਰਾਮ ਦਿਵਾਉਣ ਵਾਲੀ ਏਜੰਸੀ ਦਾ ਮੁਲਾਜ਼ਮ ਬਣ ਕੇ ਤੁਹਾਡੇ ਆਰਾਮ ਦਿਵਾਉਣ ਵਾਲੇ ਵਰਕਰ ਵਜੋਂ ਕੰਮ ਕਰ ਸਕਦਾ ਹੈ। ਇਸ ਕੇਸ ਵਿਚ, ਤੁਹਾਡੀ ਪਸੰਦ ਦਾ ਆਰਾਮ ਦਿਵਾਉਣ ਵਾਲਾ ਵਰਕਰ ਇਕ ਅਰਜ਼ੀ ਪੈਕਟ ਭਰਦਾ ਹੈ, ਅਤੇ ਉਸ ਦਾ ਬੈਕਗਰਾਉਂਡ ਚੈੱਕ ਹੁੰਦਾ ਹੈ ਅਤੇ ਉਸ ਨੂੰ ਸਿਰਫ ਤੁਹਾਡੇ ਪਰਿਵਾਰ ਲਈ ਕੰਮ ਕਰਨ ਲਈ EOR ਏਜੰਸੀ ਵਲੋਂ ਕੰਮ 'ਤੇ ਰੱਖਿਆ ਜਾਂਦਾ ਹੈ। EOR ਏਜੰਸੀ ਵਰਕਰ ਨੂੰ ਸਿੱਧੇ ਪੈਸੇ ਦੇਵੇਗੀ ਅਤੇ ਰੀਜਨਲ ਸੈਂਟਰ EOR ਏਜੰਸੀ ਨੂੰ ਫੰਡ ਦਿੰਦਾ ਹੈ। ਵਰਕਰ ਦਾ 18 ਸਾਲ ਜਾਂ ਜ਼ਿਆਦਾ ਉਮਰ ਦਾ, ਸੀ ਪੀ ਆਰ ਸਰਟੀਫਾਇਡ ਹੋਣਾ ਅਤੇ ਤੁਹਾਡੇ ਘਰ ਤੋਂ ਬਾਹਰ ਰਹਿੰਦੇ ਹੋਣਾ ਜ਼ਰੂਰੀ ਹੈ।
3. **ਫਿਸਕਲ ਮੈਨੇਜਮੈਂਟ ਸਰਵਿਸ ਵਲੋਂ ਆਰਾਮ ਦਿਵਾਉਣਾ:** ਫਿਸਕਲ ਮੈਨੇਜਮੈਂਟ ਸਰਵਿਸਿਜ਼ (FMS) ਵਲੋਂ ਆਰਾਮ ਦਿਵਾਉਣ ਲਈ ਆਰਾਮ ਦਿਵਾਉਣ ਵਾਲਾ ਵਰਕਰ ਲੱਭਣ ਲਈ ਮਾਪਾ ਜ਼ਿੰਮੇਵਾਰ ਹੈ। FMS ਪਰਿਵਾਰ ਨੂੰ ਆਰਾਮ ਦਿਵਾਉਣ ਵਾਲੇ ਦੀ ਚੋਣ ਕਰਨ ਦਿੰਦੀ ਹੈ ਅਤੇ ਉਸ ਨੂੰ ਕੰਮ-ਮਾਲਕ ਦੀਆਂ ਪੇਅਰੋਲ ਅਤੇ ਟੈਕਸ ਜ਼ਿੰਮੇਵਾਰੀਆਂ ਤੋਂ ਬਿਨਾਂ ਸਿੱਧਾ ਪੈਸੇ ਦਿੰਦੀ ਹੈ।

*ਵਲੋਂ ਡਬਲਯੂ ਐਂਡ ਆਈ ਕੋਡ 4512 (b) (e) (f); 4648(a) (6) (D); 4659 (d) (1) (A) (B) ਅਤੇ (C); 4685(c) (1) ਅਤੇ (3); 4686.5(a) 4690.2*

**ਘਰ ਤੋਂ ਬਾਹਰ ਆਰਾਮ ਦਿਵਾਉਣਾ:** ਕੋਈ ਕਲਾਇੰਟ ਪ੍ਰਤੀ ਵਿੱਤੀ ਸਾਲ ਕਾਨੂੰਨੀ ਤੌਰ ’ਤੇ ਪ੍ਰਵਾਨ ਕੀਤੇ ਗਏ ਵੱਧ ਤੋਂ ਵੱਧ ਦਿਨਾਂ ਲਈ (ਜੇ ਕੋਈ ਛੋਟ ਨਹੀਂ ਦਿੱਤੀ ਗਈ) ਕਿਸੇ ਲਾਇਸੰਸਸ਼ੁਦਾ ਰਿਹਾਇਸ਼ੀ ਸਥਾਨ ’ਤੇ ਰਹਿ ਸਕਦਾ ਹੈ ਤਾਂ ਜੋ ਕਲਾਇੰਟ ਦੀ ਸੰਭਾਲ ਕਰਨ ਤੋਂ ਮਾਪਿਆਂ/ਸੰਭਾਲ ਕਰਨ ਵਾਲਿਆਂ ਨੂੰ ਵਾਧੂ ਸਮੇਂ ਲਈ ਛੁੱਟੀ ਦਿੱਤੀ ਜਾ ਸਕੇ। ਇਹ ਦਿਨ ਕਿਸੇ ਵੀ ਤਰਤੀਬ ਨਾਲ ਵਰਤੇ ਜਾ ਸਕਦੇ ਹਨ। ਜੇ ਤੁਸੀਂ ਘਰ ਤੋਂ ਬਾਹਰ ਆਰਾਮ ਦਿਵਾਉਣ ਦੀਆਂ ਚੋਣਾਂ ਲਈ ਲਾਇਸੰਸਸ਼ੁਦਾ ਰਿਹਾਇਸ਼ੀ ਸਥਾਨਾਂ ਦਾ ਟੂਰ ਲਾਉਣ ਵਿਚ ਦਿਲਚਸਪੀ ਰੱਖਦੇ ਹੋਵੋ ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਸਰਵਿਸ ਕੋਆਰਡੀਨੇਟਰ ਨਾਲ ਸੰਪਰਕ ਕਰੋ ਜੋ ਕਿ ਟੂਰ ਲਾਉਣ ਲਈ ਉਪਲਬਧ ਘਰਾਂ ਦੀ ਲਿਸਟ ਲਵੇਗਾ। ਤੁਸੀਂ ਹਰ ਘਰ ਫੇਰੀ ਮਾਰਨ ਦਾ ਪ੍ਰਬੰਧ ਕਰ ਸਕਦੇ ਹੋ। ਤੁਹਾਡੇ ਅਤੇ ਕਲਾਇੰਟ ਵਲੋਂ ਕਿਸੇ ਘਰ ਦੀ ਚੋਣ ਕਰਨ ਤੋਂ ਬਾਅਦ, ਕਿਰਪਾ ਕਰਕੇ ਆਪਣੇ ਸਰਵਿਸ ਕੋਆਰਡੀਨੇਟਰ ਨੂੰ ਦੱਸੋ ਜੋ ਕਿ ਆਰਾਮ ਦਿਵਾਉਣ ਲਈ ਠਹਿਰਨ ਦਾ ਪ੍ਰਬੰਧ ਕਰਨ ਲਈ ਤੁਹਾਡੇ ਅਤੇ ਸਥਾਨ ਨਾਲ ਕੰਮ ਕਰੇਗਾ।

**ਡੇਅ ਕੇਅਰ/ਸਕੂਲ ਤੋਂ ਬਾਅਦ ਸੰਭਾਲ:** ਡੇਅ ਕੇਅਰ/ਸਕੂਲ ਤੋਂ ਬਾਅਦ ਸੰਭਾਲ, ਉਨ੍ਹਾਂ ਬੱਚਿਆਂ ਲਈ ਖਾਸ ਸੰਭਾਲ ਅਤੇ ਨਿਗਰਾਨੀ ਪ੍ਰਦਾਨ ਕਰਦੀ ਹੈ ਜਿਹੜੇ ਪਰਿਵਾਰ ਦੇ ਕਿਸੇ ਮੈਂਬਰ ਨਾਲ ਰਹਿੰਦੇ ਹਨ। ACRC ਡੇਅ ਕੇਅਰ/ਸਕੂਲ ਤੋਂ ਬਾਅਦ ਦੀ ਸੰਭਾਲ ਦੇ ਖਰਚਿਆਂ ਦਾ ਇਕ ਹਿੱਸਾ ਰੀਜਨਲ ਸੈਂਟਰ ਦੇ ਕਲਾਇੰਟਾਂ ਲਈ ਵਧਾ ਸਕਦਾ ਹੈ, ਜਿੱਥੇ ਸਿੰਗਲ ਮਾਪਾ ਜਾਂ ਦੋਨੋਂ ਮਾਪਿਆਂ ਦਾ ਪਰਿਵਾਰ ਘਰ ਤੋਂ ਬਾਹਰ ਕੰਮ ਕਰਦਾ ਹੈ ਅਤੇ ਬੱਚੇ ਨੂੰ ਖਾਸ ਸੰਭਾਲ ਦੀ ਲੋੜ ਹੁੰਦੀ ਹੈ।

ਤਿੰਨ ਸਾਲ ਅਤੇ ਜ਼ਿਆਦਾ ਉਮਰ ਦੇ ਬੱਚਿਆਂ ਲਈ ਖਾਸ ਸੇਵਾਵਾਂ ਦਾ ਮਤਲਬ ਇਹ ਹੈ ਪਰ ਇਹ ਇੱਥੋਂ ਤੱਕ ਹੀ ਸੀਮਤ ਨਹੀਂ ਹੋ ਸਕਦਾ ਹੈ:

- ਮੈਡੀਕਲ ਸਾਜ਼-ਸਾਮਾਨ ਦੀ ਵਰਤੋਂ ਅਤੇ ਸੰਭਾਲ ਜਿਸ ਲਈ ਖਾਸ ਟਰੇਨਿੰਗ ਦੀ ਲੋੜ ਹੁੰਦੀ ਹੈ; ਜਾਂ
- ਆਪਣੇ ਆਪ ਨਾਲ ਬੁਰਾ ਵਰਤਾਉ ਕਰਨ, ਹਮਲਾ ਕਰਨ, ਧੱਕਾ ਕਰਨ ਵਰਗੀਆਂ ਵਤੀਰੇ ਦੀਆਂ ਬਹੁਤ ਗੰਭੀਰ ਚੁਣੌਤੀਆਂ ਨੂੰ ਕੰਟਰੋਲ ਕਰਨ ਲਈ ਤਕਨੀਕਾਂ ਤੋਂ ਵਾਕਫ਼ੀਅਤ; ਜਾਂ,
- ਕਲਾਇੰਟ ਦੀਆਂ ਅਜਿਹੀਆਂ ਲੋੜਾਂ ਹਨ, ਜਿਹੜੀਆਂ ਵਿਕਾਸ ਨਾਲ ਸੰਬੰਧਿਤ ਡਿਸਏਬਿਲਟੀ ਦਾ ਨਤੀਜਾ ਹਨ, ਜਿਸ ਲਈ ਖਾਸ ਸੰਭਾਲ ਦੀ ਲੋੜ ਹੁੰਦੀ ਹੈ ਜੋ ਕਿ ਉਸ ਸੰਭਾਲ ਤੋਂ ਵੱਧ ਹੁੰਦੀ ਹੈ ਜੋ ਉਸ ਉਮਰ ਦੇ ਬਹੁਗਿਣਤੀ ਬੱਚਿਆਂ ਨੂੰ ਦਿੱਤੀ ਜਾਂਦੀ ਹੈ ਜਿਹੜੇ ਡਿਸਏਬਲ ਨਹੀਂ ਹੁੰਦੇ; ਜਾਂ
- ਸਵੈ-ਮਦਦ ਵਾਲੇ ਕੰਮਾਂ ਲਈ ਕਿਸੇ ਕਲਾਇੰਟ ਦੀ ਕਾਫੀ ਮਦਦ ਕਰਨ ਦੀ ਲੋੜ ਜਿਸ ਦੀ ਉਮਰ ’ਤੇ ਆਮ ਤੌਰ ’ਤੇ ਅਜਿਹੀ ਮਦਦ ਦੀ ਲੋੜ ਨਹੀਂ ਹੁੰਦੀ; ਜਾਂ,
- 12 ਸਾਲ ਤੋਂ ਲੈ ਕੇ 21 ਸਾਲ ਦੀ ਉਮਰ ਦੇ ਵਿਚਕਾਰ ਦੇ ਕਲਾਇੰਟ ਦੀ ਨਿਗਰਾਨੀ ਕਰਨ ਦੀ ਲੋੜ, ਮਤਲਬ ਕਿ ਉਸ ਉਮਰ ਵਿੱਚ ਨਿਗਰਾਨੀ ਦੀ ਲੋੜ ਜਿਸ ਵਿੱਚ ਡਿਸਏਬਿਲਟੀ ਤੋਂ ਬਿਨਾਂ ਵਾਲੇ ਵਿਅਕਤੀਆਂ ਨੂੰ ਬਾਲਗਾਂ ਵਲੋਂ ਨਿਗਰਾਨੀ ਦੀ ਲੋੜ ਨਹੀਂ ਹੁੰਦੀ, ਘੱਟੋ ਘੱਟ ਥੋੜ੍ਹੇ ਸਮੇਂ ਲਈ।

ਜਨਮ ਤੋਂ ਲੈ ਕੇ 11 ਸਾਲ ਦੀ ਉਮਰ ਤੱਕ ਦੇ ਕਲਾਇੰਟਸ ਦੀ ਸੰਭਾਲ ਕਰ ਰਹੇ ਪਰਿਵਾਰ ਡੇਅ ਕੇਅਰ/ਸਕੂਲ ਤੋਂ ਬਾਅਦ ਦੀ ਸੰਭਾਲ ਦੀਆਂ ਸੇਵਾਵਾਂ ਦੇ ਖਰਚੇ ਲਈ, ਡਿਸਏਬਿਲਟੀਜ਼ ਤੋਂ ਬਗੈਰ ਵਾਲੇ ਬੱਚੇ ਲਈ ਅਜਿਹੀਆਂ ਸੇਵਾਵਾਂ ਦੇ ਖਰਚੇ ਦੇ ਬਰਾਬਰ ਜਿੰਨੇ ਜ਼ਿੰਮੇਵਾਰ ਹਨ। ਪਰਿਵਾਰਾਂ ਨੂੰ ਪਹਿਲਾਂ ਕੁਦਰਤੀ ਅਤੇ ਆਮ ਵਸੀਲੇ ਵਰਤਣੇ ਚਾਹੀਦੇ ਹਨ ਜਿਹੜੇ ਕਿ ਉਨ੍ਹਾਂ ਲਈ ਉਪਲਬਧ ਹੋ ਸਕਦੇ ਹਨ। ਰੀਜਨਲ ਸੈਂਟਰ, ਸਰਕਾਰੀ ਜਾਂ ਪ੍ਰਾਈਵੇਟ ਸਕੂਲ ਜਾਣ ਦੇ ਬਦਲ ਵਜੋਂ ਡੇਅ ਕੇਅਰ ਨਹੀਂ ਖਰੀਦੇਗਾ।

*ਡਬਲਯੂ ਐਂਡ ਆਈ ਕੋਡ §§4512(b)*

**ਮੈਡਿਕ ਅਲਰਟ:** ਇਹ ਸਰਵਿਸ ACRC ਦੇ ਉਨ੍ਹਾਂ ਕਲਾਇੰਟਸ ਦੀ ਮਦਦ ਕਰਨ ਲਈ ਹੈ ਜਿਹੜੇ ਐਮਰਜੰਸੀਆਂ ਵਿਚ ਆਏ ਅਜਨਬੀ ਰਿਸਪੌਂਡਰਜ਼ ਨਾਲ ਸ਼ਾਇਦ ਗੱਲ ਕਰਨ ਦੇ ਯੋਗ ਨਾ ਹੋਣ। ਰਿਸਪੌਂਡਰਜ਼ ਫਿਰ ਮੈਡਿਕ ਅਲਰਟ ਨੂੰ ਫੋਨ ਕਰਦੇ ਹਨ ਜਿਹੜੀ ਫਿਰ ਬੱਚੇ ਦੇ ਐਮਰਜੰਸੀ ਸੰਪਰਕ (ਸੰਪਰਕਾਂ) ਨਾਲ ਰਾਬਤਾ ਕਰਦੀ ਹੈ। ਮੈਡਿਕ ਅਲਰਟ ਰਿਸਪੌਂਡਰਜ਼ ਨੂੰ ਹੋਰ ਸੰਬੰਧਿਤ ਜਾਣਕਾਰੀ ਵੀ ਦਿੰਦੀ ਹੈ ਜਿਵੇਂ ਕਿ ਅਲਰਜੀਆਂ ਜਾਂ ਬੀਮਾਰੀਆਂ ਬਾਰੇ ਜਾਣਕਾਰੀ। ACRC ਮਨਜ਼ੂਰਸ਼ੁਦਾ ਬਰੋਸ਼ਰ ਵਿੱਚੋਂ ਇਕ ਨਿਸ਼ਾਨ ਅਤੇ ਮੌਨੀਟਰਿੰਗ ਲਈ ਪੈਸੇ ਦੇਵੇਗਾ।

*ਡਬਲਯੂ ਐਂਡ ਆਈ ਕੋਡ §§ 4646(a), 4646.4*

**ਹੰਢਣਸਾਰ ਮੈਡੀਕਲ ਸਾਜ਼–ਸਾਮਾਨ:** ACRC ਕਲਾਇੰਟਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ, ਵਿਕਾਸ ਨਾਲ ਸੰਬੰਧਿਤ ਕਿਸੇ ਡਿਸਏਬਿਲਟੀ ਕਾਰਨ ਪੈਦਾ ਹੋਈਆਂ ਲੋੜਾਂ ਲਈ ਹੰਢਣਸਾਹ ਮੈਡੀਕਲ ਸਾਜ਼–ਸਾਮਾਨ (DME) ਲੈਣ ਅਤੇ ਅਨੁਕੂਲ ਬਣਾਏ ਜਾਣ ਵਿਚ ਮਦਦ ਕਰਨ ਲਈ ਵਚਨਬੱਧ ਹੈ।

"ਹੰਢਣਸਾਹ ਮੈਡੀਕਲ ਸਾਜ਼–ਸਾਮਾਨ" ਉਹ ਸਾਜ਼–ਸਾਮਾਨ ਹੈ:

- ਜਿਸ ਦੀ ਕਲਾਇੰਟ ਦੀ ਆਜ਼ਾਦੀ, ਉਸਾਰੂ ਅਤੇ ਆਮ ਰਹਿਣੀ–ਬਹਿਣੀ ਹਾਸਲ ਕਰਨ ਅਤੇ ਕਾਇਮ ਰੱਖਣ ਲਈ ਲੋੜ ਹੈ
- ਜਿਹੜਾ ਕੋਈ ਕਾਰਜ ਕਰਨ ਜਾਂ ਡਾਕਟਰੀ ਮੰਤਵਾਂ ਲਈ ਵਰਤਿਆ ਜਾ ਸਕਦਾ ਹੈ
- ਜਿਹੜਾ ਉਮੀਦ ਕੀਤੇ ਗਏ ਵਾਜਬ ਸਮੇਂ ਲਈ ਵਾਰ ਵਾਰ ਵਰਤਿਆ ਜਾ ਸਕਦਾ ਹੈ

ਇਹ ਪਤਾ ਲੱਗਣ 'ਤੇ ਕਿ ਵਿਕਾਸ ਨਾਲ ਸੰਬੰਧਿਤ ਡਿਸਏਬਿਲਟੀ ਕਰਕੇ DME ਦੀ ਕੋਈ ਲੋੜ ਹੈ ਅਤੇ ਖਰਚਾ ਪੂਰਾ ਕਰਨ ਲਈ ਪ੍ਰਾਈਵੇਟ/ਆਮ ਵਸੀਲੇ ਅਢੁਕਵੇਂ ਹਨ ਤਾਂ ACRC ਲੋੜੀਂਦਾ DME ਹਾਸਲ ਕਰਨ ਲਈ ਮਾਇਕ ਸਹਾਇਤਾ ਪ੍ਰਦਾਨ ਕਰ ਸਕਦਾ ਹੈ।

**ਡਾਇਪਰ/ਪੁੱਲ–ਅੱਪਸ:** Medi-Cal 5 ਸਾਲ ਦੀ ਉਮਰ ਤੋਂ ਬਾਅਦ ਡਾਇਪਰਾਂ ਲਈ ਪੈਸੇ ਦੇਵੇਗੀ। ਜੇ 3 ਅਤੇ 5 ਸਾਲ ਦੀ ਉਮਰ ਦੇ ਵਿਚਕਾਰ ਬੱਚੇ ਨੂੰ ਡਾਇਪਰ ਲਾਉਣ ਦੀ ਕੋਈ ਮੈਡੀਕਲ ਲੋੜ ਹੋਈ ਤਾਂ Medi-Cal ਇਨ੍ਹਾਂ ਲਈ ਫੰਡ ਦੇਣ ਬਾਰੇ ਵਿਚਾਰ ਕਰੇਗੀ। ਇਸ ਲਈ ਅਪਲਾਈ ਕਰਨ ਲਈ, ਤੁਸੀਂ ਮੈਡੀਕਲ ਸਪਲਾਈ ਦੇ ਡਿਸਟ੍ਰੀਬਿਊਟਰ ਦੀ ਪਛਾਣ ਕਰਨ ਲਈ ਆਪਣੇ ਮੈਡੀ–ਕਾਲ ਮੈਨੇਜਡ ਕੇਅਰ (Medi-Cal Managed Care, MMC) ਨਾਲ ਸੰਪਰਕ ਕਰੋਗੇ। ਜੇ ਤੁਹਾਨੂੰ ਕੋਈ MMC ਅਸਾਇਨ ਨਾ ਕੀਤਾ ਗਿਆ ਹੋਵੇ ਤਾਂ ਸਰਵਿਸ ਦੀ ਫੀਸ ਵਾਲੇ Medi-Cal ਡਿਸਟ੍ਰੀਬਿਊਟਰਾਂ ਬਾਰੇ ਵਿਚਾਰ ਕਰਨ ਲਈ ਆਪਣੇ ਸਰਵਿਸ ਕੋਆਰਡੀਨੇਟਰ ਨਾਲ ਸੰਪਰਕ ਕਰੋ। ਜਦੋਂ ਤੁਸੀਂ ਕਿਸੇ ਅਜਿਹੇ ਮੈਡੀਕਲ ਸਪਲਾਈ ਡਿਸਟ੍ਰੀਬਿਊਟਰ ਨਾਲ ਸੰਪਰਕ ਕਰ ਲਿਆ ਜਿਹੜਾ ਤੁਹਾਡੀ ਮੈਡੀਕਲ ਕਵਰੇਜ ਨਾਲ ਜੁੜਿਆ ਹੋਇਆ ਹੈ ਤਾਂ ਤੁਸੀਂ ਉਨ੍ਹਾਂ ਦੇ ਤਰੀਕੇ ਬਾਰੇ ਪੁੱਛਗਿੱਛ ਕਰ ਸਕਦੇ ਹੋ। ਮੈਡੀਕਲ ਡਿਸਟ੍ਰੀਬਿਊਟਰ ਵਲੋਂ ਤੁਹਾਨੂੰ ਤੁਹਾਡੇ ਬੱਚੇ ਦੇ ਡਾਕਟਰ ਵਲੋਂ ਭਰੇ ਜਾਣ ਲਈ ਪੇਪਰਵਰਕ ਦਿੱਤੇ ਜਾਣ ਦੀ ਸੰਭਾਵਨਾ ਹੈ ਜਿਹੜਾ ਤੁਸੀਂ Medi-Cal ਤੋਂ ਫੰਡਾਂ ਲਈ ਬੇਨਤੀ ਕਰਨ ਲਈ ਪ੍ਰੋਵਾਈਡਰ ਨੂੰ ਵਾਪਸ ਕਰਦੇ ਹੋ। ਇਹ ਫੈਸਲਾ ਕਰਨ ਤੋਂ ਬਾਅਦ ਕਿ ਟੱਟੀ–ਪਿਸ਼ਾਬ ਦੇ ਸੰਬੰਧ ਵਿਚ ਇਕ ਨਾ ਪੂਰੀ ਹੋਈ ਲੋੜ ਹੈ ਅਤੇ ਆਮ ਵਸੀਲੇ ਲੋੜ ਪੂਰੀ ਕਰਨ ਲਈ ਕਾਫੀ ਨਹੀਂ ਹਨ ਤਾਂ ਡਾਇਪਰਾਂ ਆਦਿ ਦੀ ਲੋੜੀਂਦੀ ਸਪਲਾਈ ਲੈਣ ਲਈ ACRC ਮਾਇਕ ਸਹਾਇਤਾ ਪ੍ਰਦਾਨ ਕਰ ਸਕਦਾ ਹੈ।

*ਡਬਲਯੂ ਐਂਡ ਆਈ ਕੋਡ §§4646.4 (a) ਅਤੇ 4659(a)*

## ਮਾਪੇ ਨੂੰ ਸਿੱਖਿਆ

### ਕਾਨਫਰੰਸ ਵਿਚ ਹਾਜ਼ਰੀ

Alta California Regional Center (ACRC) ਮਾਪਿਆਂ ਅਤੇ ਕਲਾਇੰਟਾਂ ਦੀ ਉਦੋਂ ਮਦਦ ਕਰਦਾ ਹੈ ਜਦੋਂ ਉਹ ਆਪਣੇ ਹਿਮਾਇਤ ਲੈਣ ਦੇ ਹੁਨਰ ਅਤੇ/ਜਾਂ ਸੇਵਾਵਾਂ ਦਾ ਆਪਣਾ ਗਿਆਨ ਵਧਾਉਣ ਲਈ ਜਾਣਕਾਰੀ ਅਤੇ ਟਰੇਨਿੰਗ ਲੱਭ ਰਹੇ ਹੁੰਦੇ ਹਨ। ਇਹ ਮੌਕੇ ਬੱਚੇ ਦੀ ਵਿਕਾਸ ਨਾਲ ਸੰਬੰਧਿਤ ਡਿਸਏਬਿਲਟੀ ਦੀਆਂ ਲੋੜਾਂ ਪੂਰੀਆਂ ਕਰਦੇ ਹੋਣੇ ਜ਼ਰੂਰੀ ਹਨ। ਅਜਿਹੇ ਮੌਕਿਆਂ ਵਿਚ ਕਲਾਸਾਂ ਜਾਂ ਕਾਨਫਰੰਸਾਂ ਸ਼ਾਮਲ ਹੋ ਸਕਦੀਆਂ ਹਨ।

ACRC:

- ACRC ਦੇ ਸਟਾਫ ਵਲੋਂ ਕਲਾਇੰਟਾਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਲਈ ਦਿੱਤੇ ਜਾਣ ਵਾਲੇ ਸਿੱਖਣ ਦੇ ਮੌਕੇ ਪ੍ਰਦਾਨ ਕਰੇਗਾ।
- ਹੋਰ ਸੰਸਥਾਵਾਂ ਦੇ ਸਹਿਯੋਗ ਨਾਲ ਸਪੌਂਸਰ ਜਾਂ ਕੋ-ਸਪੌਂਸਰ ਸਿੱਖਣ ਦੇ ਮੌਕੇ ਪ੍ਰਦਾਨ ਕਰੇਗਾ।
- ਟਰੇਨਿੰਗ ਦੇਣ ਲਈ ACRC ਦੇ ਖੇਤਰ ਵਿੱਚੋਂ ਅਤੇ ਬਾਹਰੋਂ ਵਿਸ਼ੇ ਦੇ ਮਾਹਰਾਂ ਦਾ ਪ੍ਰਬੰਧ ਕਰੇਗਾ।
- ਟਿਊਸ਼ਨ ਜਾਂ ਕਾਨਫਰੰਸ ਦੀ ਰਜਿਸਟਰੇਸ਼ਨ ਦੀਆਂ ਫੀਸਾਂ ਨੂੰ ਕਵਰ ਕਰਨ ਲਈ ਮਾਇਕ ਮਦਦ ਪ੍ਰਦਾਨ ਕਰੇਗਾ ਜਦੋਂ ਅਜਿਹੀ ਪੇਮੈਂਟ ਸਪਸ਼ਟ ਤੌਰ 'ਤੇ ਬਣਾਈ ਗਈ ਨਿੱਜੀ ਪ੍ਰੋਗਰਾਮ ਪਲੈਨ (IPP) ਦੇ ਉਦੇਸ਼ ਪੂਰੇ ਕਰੇਗੀ।

ਸਫਰ, ਰਿਹਾਇਸ਼ ਅਤੇ ਖਾਣਿਆਂ ਦੇ ਖਰਚੇ ਉਸ ਵਿਅਕਤੀ ਦੀ ਜ਼ਿੰਮੇਵਾਰੀ ਹਨ ਜਿਹੜਾ ਕਾਨਫਰੰਸ ਵਿਚ ਸ਼ਾਮਲ ਹੋ ਰਿਹਾ ਹੈ। ACRC ਪ੍ਰਤੀ ਸਾਲ ਇਕ ਕਾਨਫਰੰਸ ਵਿਚ ਹਾਜ਼ਰੀ ਲਈ ਫੰਡ ਦੇ ਸਕਦਾ ਹੈ। ਕਾਨਫਰੰਸਾਂ ਕੈਲੇਫੋਰਨੀਆ ਸਟੇਟ ਵਿਚ ਹੋਣੀਆਂ ਜ਼ਰੂਰੀ ਹਨ।

ਸਕਾਲਰਸ਼ਿਪ ਅਕਸਰ ਮਿਲ ਜਾਂਦੇ ਹਨ।

ਕਾਨਫਰੰਸ ਲਈ ਪੈਸਿਆਂ ਲਈ ਹੱਕਦਾਰੀ ਦਾ ਪਤਾ ਲਾਉਣ ਲਈ ACRC ਅੱਗੇ ਲਿਖੇ ਦਸਤਾਵੇਜ਼ਾਂ ਦੀ ਮੰਗ ਕਰਦਾ ਹੈ:

1. ਮਾਪੇ ਦੇ ਸਾਈਨ ਅੱਪ ਕਰਨ ਤੋਂ ਪਹਿਲਾਂ ਕਾਨਫਰੰਸ ਦੀ ਰਜਿਸਟਰੇਸ਼ਨ ਅਤੇ ਤਾਰੀਕਾਂ ਦੀ ਜਾਣਕਾਰੀ
2. ਕਾਨਫਰੰਸ ਵਿਚ ਸ਼ਾਮਲ ਹੋਣ ਲਈ ਮਾਪੇ ਦੇ ਸਿੱਟੇ/ਟੀਚੇ
3. ਕਾਨਫਰੰਸ ਕਿਵੇਂ ਬੱਚੇ ਦੀ ਡਿਸਏਬਿਲਟੀ ਨਾਲ ਸੰਬੰਧ ਰੱਖਦੀ ਹੈ
4. ਮਾਪੇ ਦੇ ਟੀਚਿਆਂ/ਸਿੱਟਿਆਂ ਨੂੰ ਪੂਰੇ ਕਰਨ ਲਈ ਜਾਣਕਾਰੀ ਲੈਣ ਦਾ ਕਾਨਫਰੰਸ ਹੀ ਇੱਕੋ ਇਕ ਤਰੀਕਾ ਕਿਉਂ ਹੈ।

*ਡਬਲਯੂ ਐਂਡ ਆਈ ਕੋਡ §4512(b)*

## ਸਵੈ-ਨਿਰਣੇ ਦਾ ਪ੍ਰੋਗਰਾਮ

ਕੈਲੇਫੋਰਨੀਆ ਡਿਪਾਰਟਮੈਂਟ ਔਫ ਡਿਵੈਲਪਮੈਂਟ ਸਰਵਿਸਿਜ਼ (The California Department of Developmental Services) ਇਕ ਨਵਾਂ ਪ੍ਰੋਗਰਾਮ ਤਿਆਰ ਕਰ ਰਿਹਾ ਹੈ ਜਿਸ ਨੂੰ ਸਵੈ-ਨਿਰਣੇ ਦਾ ਪ੍ਰੋਗਰਾਮ (Self-Determination Program) ਆਖਿਆ ਜਾਂਦਾ ਹੈ ਜਿਹੜਾ ਹਿੱਸਾ ਲੈਣ ਵਾਲਿਆਂ ਨੂੰ ਆਪਣੀਆਂ ਸੇਵਾਵਾਂ ਅਤੇ ਮਦਦ ਦੀ ਚੋਣ ਕਰਨ ਲਈ ਜ਼ਿਆਦਾ ਕੰਟਰੋਲ ਦੇਵੇਗਾ। ਇਸ ਨਵੇਂ ਪ੍ਰੋਗਰਾਮ ਦੇ ਸੰਕਲਪਾਂ ਵਿਚ ਸ਼ਾਮਲ ਹਨ:

- IPP ਦੇ ਕਾਰਜ ਰਾਹੀਂ ਤੁਹਾਨੂੰ ਉਹ ਸੇਵਾਵਾਂ ਅਤੇ ਮਦਦ ਖਰੀਦਣ ਲਈ ਖਾਸ ਬੱਜਟ ਦਿੱਤਾ ਜਾਵੇਗਾ ਜਿਸ ਦੀ ਤੁਹਾਨੂੰ ਆਪਣੀ ਪਲੈਨ ਸਿਰੇ ਚਾੜ੍ਹਨ ਲਈ ਲੋੜ ਹੈ।
- ਆਪਣੀਆਂ ਸੇਵਾਵਾਂ ਦਾ ਖਰਚਾ ਦੇਣ ਲਈ ਤੁਹਾਡੇ ਲਈ ACRC ਵਲੋਂ ਅਧਿਕਾਰਤ ਫਾਇਨੈਂਸ਼ਲ ਮੈਨੇਜਮੈਂਟ ਸਰਵਿਸ (FMS) ਵਰਤਣਾ ਜ਼ਰੂਰੀ ਹੈ।
- ਤੁਸੀਂ ਇਹ ਚੋਣ ਕਰਨ ਦੇ ਯੋਗ ਹੋਵੋਗੇ ਕਿ ਕਿਹੜੇ ਪ੍ਰੋਵਾਈਡਰ ਜਾਂ ਵਿਅਕਤੀ ਤੁਹਾਡੀਆਂ ਸੇਵਾਵਾਂ ਦੇਣਗੇ। ਉਨ੍ਹਾਂ ਦੀ ਬੈਕਗਰਾਊਂਡ ਚੈੱਕ ਕਰਨ ਦੀ ਲੋੜ ਪਵੇਗੀ ਪਰ ਇਨ੍ਹਾਂ ਦੇ ਸਪਲਾਇਰ ਹੋਣਾ ਜ਼ਰੂਰੀ ਨਹੀਂ ਹੈ।

www.altaregional.org ਜਾਂ www.dds.ca.gov 'ਤੇ ਜ਼ਿਆਦਾ ਜਾਣੋ। ਆਪਣੇ ਸਰਵਿਸ ਕੋਆਰਡੀਨੇਟਰ ਨੂੰ ਈਮੇਲ ਕਰਕੇ "ਇਨਟਰੱਸਟਡ ਲਿਸਟ" 'ਤੇ ਪਾਏ ਜਾਣ ਲਈ ਬੇਨਤੀ ਕਰੋ।

*ਸੈਨੇਟ ਬਿੱਲ (SB) 468*

## ਜ਼ਿਆਦਾ ਜਾਣਕਾਰੀ ਲਈ

ਦੇਖੋ: www.altaregional.org

**ACRC ਦੀਆਂ ਸੇਵਾਵਾਂ ਅਤੇ ਸਪਲਾਇਰਾਂ ਦੀ ਵਿਆਪਕ ਲਿਸਟ:**

Alta ਦੇ ਵੈੱਬਸਾਈਟ 'ਤੇ ਜਾਓ: www.altaregional.org

>ਫਿਰ **Service Providers (ਸਰਵਿਸ ਪ੍ਰੋਵਾਈਡਰਜ਼)** 'ਤੇ ਕਲਿੱਕ ਕਰੋ

> ਫਿਰ **Service Provider Search (ਸਰਵਿਸ ਪ੍ਰੋਵਾਈਡਰ ਸਰਚ)** 'ਤੇ ਕਲਿੱਕ ਕਰੋ

**ACRC ਦੀਆਂ ਸਰਵਿਸ ਦੀਆਂ ਪਾਲਸੀਆਂ ਲਈ**

Alta ਦੇ ਵੈੱਬਸਾਈਟ 'ਤੇ ਜਾਓ: www.altaregional.org/

> ਫਿਰ **Who We Serve (ਹੂ ਵੀ ਸਰਵ)** 'ਤੇ ਕਲਿੱਕ ਕਰੋ

> ਫਿਰ **Services (ਸਰਵਿਸਿਜ਼)** 'ਤੇ ਕਲਿੱਕ ਕਰੋ

> ਫਿਰ **Service Policies (ਸਰਵਿਸ ਪੌਲਸੀਜ਼)** 'ਤੇ ਕਲਿੱਕ ਕਰੋ

**ALTA CALIFORNIA REGIONAL CENTER ਦੇ ਦਫਤਰ** ਅੱਗੇ ਲਿਖੀਆਂ ਦਸ ਕਾਉਂਟੀਆਂ ਵਿਚ 20,000 ਤੋਂ ਜ਼ਿਆਦਾ ਕਲਾਇੰਟਾਂ ਦੀ ਸੇਵਾ ਕਰਦੇ ਹਨ: Alpine, Colusa, El Dorado, Nevada, Placer, Sacramento, Sierra, Sutter, Yolo, ਅਤੇ Yuba. ਤੁਹਾਡੇ ਇਲਾਕੇ ਵਿਚ ਹੋਣ ਦੇ ਇਕ ਯਤਨ ਵਜੋਂ, ਸਾਡੇ ਸਰਵਿਸ ਏਰੀਏ ਵਿਚ ਸਾਡੀਆਂ ਅੱਠ ਲੋਕੇਸ਼ਨਾਂ ਹਨ। ਜਦੋਂ ਤੁਹਾਡੇ ਮਨ ਵਿਚ ਸਵਾਲ ਹੋਣ ਅਤੇ ਜੇ ਤੁਸੀਂ ਕੋਈ ਸਰਵਿਸ ਸ਼ੁਰੂ ਕਰਨ ਜਾਂ ਬਦਲਣ ਬਾਰੇ ਵਿਚਾਰ ਕਰਨਾ ਚਾਹੁੰਦੇ ਹੋਵੋ ਤਾਂ ਆਪਣੇ ਬੱਚੇ ਦੀਆਂ ਲੋੜਾਂ ਦੀਆਂ ਵਿਸ਼ੇਸ਼ ਹਾਲਤਾਂ ਬਾਰੇ ਆਪਣੇ ਸਰਵਿਸ ਕੋਆਰਡੀਨੇਟਰ ਨਾਲ ਅਤੇ ਪਲੈਨਿੰਗ ਟੀਮ ਰਾਹੀਂ ਵਿਚਾਰਨਾ ਸਭ ਤੋਂ ਬਿਹਤਰ ਹੈ।

| ACRC ਦੇ ਦਫਤਰ | ਸੇਵਾਵਾਂ ਵਾਲੀਆਂ ਕਾਉਂਟੀਆਂ | ਐਡਰੈਸ | ਫੋਨ |
|---|---|---|---|
| **Sacramento** | Sacramento | 2241 Harvard Street, Suite 100<br>Sacramento, CA 95815 | (916) 978-6400 ਫੋਨ<br>(916) 489-1033 ਫੈਕਸ<br>(916) 489-4241 ਟੀ ਡੀ ਡੀ |
| **Grass Valley** | Nevada, Northern Placer, Sierra | 333 Crown Point Cir, Suite 200<br>Grass Valley, CA 95945 | (530) 272-4231 ਫੋਨ<br>(530) 272-4637 ਫੈਕਸ |
| **Placerville** | El Dorado | 344 Placerville Drive, Suite 1<br>Placerville, CA 95667 | (530) 626-1353 ਫੋਨ<br>(530) 626-0162 ਫੈਕਸ |
| **Roseville** | Placer, Sacramento | 516 Gibson Drive<br>Suite 150<br>Roseville, CA 95678 | (916) 437-6900 ਫੋਨ<br>(916) 978-6583 ਫੈਕਸ |
| **South Lake Tahoe** | Alpine, El Dorado, Nevada, Placer | 2489 Lake Tahoe Blvd., Suite 1<br>South Lake Tahoe, CA 96150 | (530) 314-5970 ਫੋਨ<br>(530) 314-5971 ਫੈਕਸ |
| **Truckee** | Nevada, Placer, Sierra | 13450 Donner Pass Rd<br>Suite B<br>Truckee, CA 96161 | (530) 587-3018 ਫੋਨ<br>(530) 550-2217 ਫੈਕਸ |
| **Woodland** | Yolo | 283 W. Court Street<br>Suite B<br>Woodland, CA 95695 | (530) 666-3391 ਫੋਨ<br>(530) 666-3831 ਫੈਕਸ |
| **Yuba City** | Colusa, Sutter, Yuba | 950 Tharp Road, Suite 202<br>Yuba City, CA 95993 | (530) 674-3070 ਫੋਨ<br>(530) 674-7228 ਫੈਕਸ |